




ਸੱਚ ਤੇ ਨਿਡਰ ਆਵਾਜ਼

ਰੋਜ਼ਾਨਾ

# ਲੋਕ ਬਾਣੀ

DAILY LOKBANI JALANDHAR

ਮੁੱਖ ਸੰਪਾਦਕ : ਅਮਨਦੀਪ ਮਹਿਰਾ

ਸ਼ਨੀਵਾਰ, 13 ਦਸੰਬਰ 2024

Email:- lokbani08@gmail.com








R. N. I. Punpun/29016/2008 ✶ ਸਾਲ 16 , ✶ ਅੰਕ : 124, ✶ ਮੁੱਲ : 6 ਰੁਪਏ ✶ ਕੁੱਲ ਪੇਜ: 10 ✶ ਦਫਤਰ : 0181–2211009 ✶ M : 99155-94111







## ਗਾਜ਼ਾ ਵਿੱਚ ਗੋਲੀਬਾਰੀ ਸਬੰਧੀ ਸੰਯੁਕਤ ਰਾਸ਼ਟਰ ਵਲੋਂ ਕੀਤਾ ਗਿਆ ਮਤਾ ਪਾਸ

**ਦਿੱਲੀ, ਲੋਕ ਬਾਣੀ-** ਸੰਯੁਕਤ ਰਾਸ਼ਟਰ ਮਹਾਸਭਾ ਨੇ ਗਾਜ਼ਾ ਵਿੱਚ ਤੁਰੰਤ ਗੋਲੀਬੰਦੀ ਦੀ ਮੰਗ ਕਰਨ ਵਾਲੇ ਪ੍ਰਸਤਾਵਾਂ ਨੂੰ ਭਾਰੀ ਬਹੁਮਤ ਨਾਲ ਮਨਜ਼ੂਰੀ ਦੇ ਦਿੱਤੀ ਹੈ ਅਤੇ ਫਲਸਤੀਨੀ ਸ਼ਰਨਾਰਥੀਆਂ ਲਈ ਸੰਯੁਕਤ ਰਾਸ਼ਟਰ ਏਜੰਸੀ ਦਾ ਸਮਰਥਨ ਕੀਤਾ ਹੈ, ਜਿਸ 'ਤੇ ਇਜ਼ਰਾਈਲ ਨੇ ਪਾਬੰਦੀ ਲਾਉਣ ਦਾ ਪ੍ਰਸਤਾਵ ਰੱਖਿਆ ਹੈ। ਭਾਰਤ ਨੇ ਵੀ ਸੰਯੁਕਤ ਰਾਸ਼ਟਰ ਆਮ ਸਭਾ ਦੇ ਮਤੇ ਦੇ ਹੱਕ ਵਿੱਚ ਵੋਟ ਪਾਈ। 193 ਮੈਂਬਰੀ ਵਿਸ਼ਵ ਸੰਸਥਾ ਵਿੱਚ ਗੋਲੀਬੰਦੀ ਦੀ ਮੰਗ ਵਾਲੇ



ਪ੍ਰਸਤਾਵ ਦੇ ਪੱਖ ਵਿੱਚ 158 ਵੋਟਾਂ ਪਈਆਂ ਜਦਕਿ ਵਿਰੋਧ ਵਿੱਚ ਨੌਂ ਵੋਟਾਂ ਪਈਆਂ। ਵੋਟਿੰਗ ਦੌਰਾਨ 13 ਮੈਂਬਰ ਗੈਰ-ਹਾਜ਼ਰ ਸਨ।

## ਕੋਲਕਾਤਾ ਮਾਮਲੇ ਵਿੱਚ ਮੈਡੀਕਲ ਕਾਲਜ ਦੇ ਪ੍ਰਿੰਸੀਪਲ ਦੀ ਹੋਈ ਜ਼ਮਾਨਤ

**ਕੋਲਕਾਤਾ, ਲੋਕ ਬਾਣੀ** - ਇੱਥੋਂ ਦੇ ਆਰਜੀ ਕਰ ਮੈਡੀਕਲ ਕਾਲਜ ਤੇ ਹਸਪਤਾਲ ਵਿੱਚ ਇਕ ਮਹਿਲਾ ਟਰੇਨੀ ਡਾਕਟਰ ਦੀ ਜਬਰ-ਜਨਾਹ ਮਗਰੋਂ ਹੱਤਿਆ ਹੋਣ ਦੇ ਮਾਮਲੇ 'ਚ ਸਿਆਲਦਾਹ ਅਦਾਲਤ ਨੇ ਆਰਜੀ ਕਰ ਮੈਡੀਕਲ ਕਾਲਜ ਅਤੇ ਹਸਪਤਾਲ ਦੇ ਸਾਬਕਾ ਪ੍ਰਿੰਸੀਪਲ ਸੰਦੀਪ ਘੋਸ਼ ਅਤੇ ਤਾਲਾ ਪੁਲੀਸ ਸਟੇਸ਼ਨ ਦੇ ਸਾਬਕਾ ਅਧਿਕਾਰੀ ਅਭੀਜੀਤ ਮੰਡਲ ਨੂੰ ਅੱਜ ਜ਼ਮਾਨਤ ਦੇ ਦਿੱਤੀ ਹੈ।ਦੋਵੇਂ ਮੁਲਜ਼ਮਾਂ ਖ਼ਿਲਾਫ਼ 90 ਦਿਨਾਂ ਦੇ ਅੰਦਰ ਚਾਰਜਸ਼ੀਟ ਦਾਖ਼ਲ ਨਾ ਕਰਨ 'ਤੇ



ਸਿਆਲਦਾਹ ਅਦਾਲਤ ਦੇ ਵਧੀਕ ਚੀਫ਼ ਜੁਡੀਸ਼ਲ ਮੈਜਿਸਟਰੇਟ ਨੇ ਉਨ੍ਹਾਂ ਨੂੰ ਜ਼ਮਾਨਤ ਦਿੱਤੀ। ਘੋਸ਼ ਮੈਡੀਕਲ ਕਾਲਜ ਅਤੇ ਹਸਪਤਾਲ 'ਚ ਵਿੱਤੀ ਬੇਨਿਯਮੀਆਂ ਦੇ ਇਕ ਹੋਰ ਮਾਮਲੇ ਵਿੱਚ ਵੀ ਜੁਡੀਸ਼ਲ ਰਿਮਾਂਡ 'ਤੇ ਚੱਲ ਰਿਹਾ ਹੈ

## ਹਾਈਕੋਰਟ ਨੇ ਅਦਾਕਾਰ ਅੱਲੂ ਅਰਜੁਨ ਨੂੰ ਦਿੱਤੀ ਜਮਾਨਤ

**ਹੈਦਰਾਬਾਦ, ਲੋਕ ਬਾਣੀ-:** ਤੇਲੰਗਾਨਾ ਹਾਈ ਕੋਰਟ ਨੇ ਪੁਸ਼ਪਾ-2 ਦੇ ਪ੍ਰੀਮੀਅਰ ਦੌਰਾਨ ਮਹਿਲਾ ਦੀ ਮੌਤ ਦੇ ਮਾਮਲੇ ਚ ਅਦਾਕਾਰ ਅੱਲੂ ਅਰਜੁਨ ਨੂੰ ਜ਼ਮਾਨਤ ਦੇ ਦਿੱਤੀ ਹੈ। ਇਸ ਤੋਂ ਪਹਿਲਾਂ ਹੈਦਰਾਬਾਦ ਦੀ ਸਥਾਨਕ ਅਦਾਲਤ ਨੇ ਉਸ ਨੂੰ 14 ਦਿਨਾਂ ਲਈ ਨਿਆਂਇਕ ਹਿਰਾਸਤ ਵਿਚ ਭੇਜ ਦਿੱਤਾ




ਸੀ।

## ਡੱਲੇਵਾਲ ਦਾ ਹਾਲ ਚਾਲ ਪੁੱਛਣ ਪਹੁੰਚੇ ਟਿਕੈਤ


**ਦਿੱਲੀ, ਲੋਕ ਬਾਣੀ-** ਦਿੱਲੀ-ਸੰਗਰੂਰ ਕੌਮੀ ਮਾਰਗ 'ਤੇ ਸਥਿਤ ਪਿੰਡ ਢਾਬੀ ਗੁੱਜਰਾਂ ਵਿੱਚ ਕੇਂਦਰ ਸਰਕਾਰ ਵੱਲੋਂ ਮੰਨੀਆਂ ਮੰਗਾਂ ਲਾਗੂ ਕਰਵਾਉਣ ਲਈ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦਾ ਮਰਨ ਵਰਤ ਅੱਜ 18ਵੇਂ ਦਿਨ ਵੀ ਜਾਰੀ ਰਿਹਾ। ਉਨ੍ਹਾਂ ਦੀ ਹਾਲਤ ਚਿੰਤਾਜਨਕ ਬਣੀ ਹੋਈ ਹੈ। ਉਕਤ ਬਾਰਡਰ 'ਤੇ ਅੱਜ ਕਿਸਾਨ ਆਗੂ ਰਾਕੇਸ਼ ਟਿਕੈਤ, ਹਰਿੰਦਰ



ਲੱਖੋਵਾਲ, ਮਨਜੀਤ ਸਿੰਘ ਧਨੇਰ, ਬਿੰਦਰ ਸਿੰਘ ਗੋਲੇਵਾਲ ਨੇ ਪਹੁੰਚ ਕੇ ਡੱਲੇਵਾਲ ਦਾ ਹਾਲਚਾਲ ਪੁੱਛਿਆ।

## ਥਾਣੇ ਦੇ ਬਾਹਰ ਧਮਾਕਾ ਸਮਗਰੀ ਮਾਮਲੇ ਵਿੱਚ ਦੋ ਕਾਬੂ

**ਅਮ੍ਰਿਤਸਰ, ਲੋਕ ਬਾਣੀ-** ਅਜਨਾਲਾ ਪੁਲੀਸ ਥਾਣੇ ਦੇ ਬਾਹਰ ਧਮਾਕਾਖੇਜ਼ ਸਮੱਗਰੀ ਰੱਖਣ ਦਾ ਮਾਮਲਾ ਪੁਲੀਸ ਨੇ ਹੱਲ ਕਰ ਲਿਆ ਹੈ ਅਤੇ ਇਸ ਮਾਮਲੇ ਵਿੱਚ ਇੱਕ ਨਾਬਾਲਗ ਸਣੇ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲੀਸ ਨੇ ਗ੍ਰਿਫ਼ਤਾਰ ਕੀਤੇ ਵਿਅਕਤੀਆਂ ਕੋਲੋਂ



ਦੋ ਹੱਥਗੋਲੇ ਅਤੇ ਇੱਕ ਪਿਸਤੌਲ ਵੀ ਬਰਾਮਦ ਕੀਤਾ ਹੈ। ਇਹ ਖੁਲਾਸਾ ਡੀਜੀਪੀ ਗੌਰਵ ਯਾਦਵ ਵੱਲੋਂ ਆਪਣੇ ਸੋਸ਼ਲ ਮੀਡੀਆ ਪਲੈਟਫਾਰਮ ਅਕਾਊਂਟ ਰਾਹੀਂ ਕੀਤਾ ਗਿਆ ਹੈ।

ਡੀਜੀਪੀ ਨੇ ਕਿਹਾ ਕਿ ਇਸ ਪਿੱਛੇ ਪਾਕਿਸਤਾਨ ਆਧਾਰਿਤ ਅਤਿਵਾਦੀ ਹਰਵਿੰਦਰ ਸਿੰਘ ਰਿੰਦਾ, ਅਮਰੀਕਾ ਆਧਾਰਿਤ ਗੈਂਗਸਟਰ ਹਰਪ੍ਰੀਤ ਸਿੰਘ ਉਰਫ ਹੈਪੀ ਪੱਛੀਆਂ ਅਤੇ ਗੈਂਗਸਟਰ ਗੁਰਦੇਵ ਸਿੰਘ ਉਰਫ ਜੈਸਲ ਦਾ ਹੱਥ ਹੈ।

## ਪੰਜਾਬ ਦੇ ਮਲੋਟ ਚ ਆਪ ਉਮੀਦਵਾਰਾਂ ਨੂੰ ਛੱਡ ਸਾਰੇ ਉਮੀਦਵਾਰਾਂ ਦੇ ਕਾਗਜ਼ ਹੋਏ ਰੱਦ

**ਮੁਕਤਸਰ, ਲੋਕ ਬਾਣੀ-** ਮਲੋਟ ਨਗਰ ਕੌਂਸਲ ਦੇ ਵਾਰਡ ਨੰਬਰ 12 ਵਿਚ ਜ਼ਿਮਨੀ ਚੋਣ ਲਈ ਉਮੀਦਵਾਰਾਂ ਵਲੋਂ ਦਾਖ਼ਲ ਕੀਤੇ ਗਏ ਨਾਮਜ਼ਦਗੀ ਪੱਤਰਾਂ ਵਿਚ ਸਿਰਫ਼ ਆਪ ਦੇ ਉਮੀਦਵਾਰ ਨੂੰ ਛੱਡ ਕੇ ਅਕਾਲੀ, ਭਾਜਪਾ ਅਤੇ ਕਾਂਗਰਸ ਦੇ ਉਮੀਦਵਾਰਾਂ ਦੇ ਕਾਗਜ਼ ਰੱਦ ਕਰ ਦਿੱਤੇ ਗਏ ਹਨ। ਨਾਮਜ਼ਦਗੀ ਪੱਤਰ ਰੱਦ ਹੋਣ ਉਪਰੰਤ ਸਾਰੇ



ਰਾਜਨੀਤਿਕ ਦਲਾਂ ਨੇ ਪ੍ਰਸ਼ਾਸਨ ਤੇ ਸਰਕਾਰ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕਰਦੇ ਹੋਏ ਹਾਈ ਕੋਰਟ ਜਾਣ ਦੀ ਚਿਤਾਵਨੀ ਦਿੱਤੀ ਹੈ।

## ਪੰਜਾਬ ਭਰ ਦੇ ਕਿਸਾਨ ਦਿੱਲੀ ਕੂਚ ਲਈ ਪਹੁੰਚ ਰਹੇ ਹਨ ਸ਼ੰਭੂ ਬੈਰੀਅਰ

**ਲੁਧਿਆਣਾ, ਸੁਖਚੈਨ ਮਹਿਰਾ-** ਸ਼ੰਭੂ ਬੈਰੀਅਰ ਤੇ ਕਿਸਾਨ ਆਗੂਆਂ ਵਲੋਂ ਕੱਲ੍ਹ 14 ਦਸੰਬਰ ਨੂੰ ਦਿੱਲੀ ਕੂਚ ਲਈ ਤੀਜੇ ਜਥੇ ਦੇ ਜਾਣ ਦੀ ਤਿਆਰੀ ਖਿੱਚ ਲਈ ਗਈ ਹੈ। ਇਸ ਲਈ ਪੰਜਾਬ ਭਰ ਵਿਚੋਂ ਕਿਸਾਨਾਂ ਦੇ ਵੱਡੇ ਜਥੇ ਸ਼ੰਭੂ ਬੈਰੀਅਰ ਤੇ ਪੁੱਜਣੇ ਸ਼ੁਰੂ ਹੋ ਗਏ ਹਨ। ਜ਼ਿਆਦਾ ਠੰਢ ਪੈਣ ਕਾਰਨ ਕਿਸਾਨ ਅੱਗ ਬਾਲ ਕੇ ਸੇਕ ਰਹੇ ਹਨ । ਇੱਥੇ ਕਿਸਾਨਾਂ ਨੇ ਬੈਰੀਕੇਡ ਉਖਾੜ ਦਿੱਤੇ। ਜਵਾਬੀ



ਕਾਰਵਾਈ 'ਚ ਪੁਲਿਸ ਨੇ ਵੀ ਕਿਸਾਨਾਂ 'ਤੇ ਅੱਥਰੂ ਗੈਸ ਦੇ ਗੋਲੇ ਛੱਡੇ। ਹਾਲਾਂਕਿ, ਇਸ ਹਫੜਾ-ਦਫੜੀ ਦੌਰਾਨ ਕਿਸਾਨ ਸਰਹੱਦ ਤੋਂ ਅੱਗੇ ਨਹੀਂ ਵਧ ਸਕੇ ਅਤੇ ਮੁੜ ਪਿੱਛੇ ਹਟ ਗਏ।

## ਗੁਰਦਾਸਪੁਰ ਜ਼ਿਲ੍ਹੇ ਦੇ ਬਜ਼ਾਰ ਵਿੱਚ ਸ਼ਰੇਆਮ ਗੋਲੀਆਂ ਚੱਲੀਆਂ

**ਗੁਰਦਾਸਪੁਰ, ਨਵਨੀਤ ਕੁਮਾਰ-** ਜ਼ਿਲ੍ਹਾ ਗੁਰਦਾਸਪੁਰ ਦੇ ਕਸਬਾ ਘੁਮਾਣ ਵਿਖੇ ਕੁਝ ਨੌਜਵਾਨਾਂ ਵਲੋਂ ਸ਼ਰੇਆਮ ਬਾਜ਼ਾਰ ਵਿਚ ਗੋਲੀਆਂ ਚਲਾਈਆਂ ਗਈਆਂ । ਗੋਲੀ ਚਲਾਉਣ ਵਾਲੇ ਵਲੋਂ ਜੰਬਾ ਕੁਲੈਕਸ਼ਨ ਦੁਕਾਨ ਦੇ ਬਾਹਰ ਬੈਠੇ ਨੌਜਵਾਨ ਨੂੰ ਨਿਸ਼ਾਨਾ ਬਣਾਇਆ ਗਿਆ । ਇਸ ਦੌਰਾਨ ਇਕ ਛੋਟੇ ਹਾਥੀ ਦੇ ਸ਼ੀਸ਼ੇ ਤੇ ਵੀ ਗੋਲੀ ਲੱਗੀ । ਪ੍ਰਤੱਖ ਮੌਕੇ ਤੇ ਮੌਜੂਦ ਲੋਕ ਦਾ ਕਹਿਣਾ ਹੈ ਕਿ ਗੋਲੀ ਚਲਾਉਣ ਵਾਲਿਆਂ ਵਲੋਂ ਤਿੰਨ ਫਾਇਰ ਕੀਤੇ । ਗੋਲੀਆਂ ਦੇ ਖਾਲੀ ਖੋਲ ਪੁਲਿਸ ਨੂੰ ਦੇ ਦਿੱਤੇ



ਹਨ । ਇਸ ਘਟਨਾ ਤੋਂ ਬਾਅਦ ਡੀ. ਐਸ. ਪੀ. ਹਰਕ੍ਰਿਸ਼ਨ ਸਿੰਘ ਸ੍ਰੀ ਹਰਗੋਬਿੰਦਪੁਰ ਸਾਹਿਬ ਅਤੇ ਐਸ. ਐਚ. ਓ. ਗੁਰਵਿੰਦਰ ਸਿੰਘ ਥਾਣਾ ਘੁਮਾਣ ਪੁਲਿਸ ਪਾਰਟੀ ਸਮੇਤ ਪਹੁੰਚ ਕੇ ਸਾਰੀ ਸਥਿਤੀ ਦਾ ਜਾਇਜ਼ਾ ਲੈ ਰਹੇ ਹਨ।





ਪੱਤਰਕਾਰਾਂ ਲਈ ਸੁਨਹਿਰਾ ਮੌਕਾ

ਪੰਜਾਬ ਦੇ ਹਰ ਜਿਲੇ ਤੋਂ ਰੋਜ਼ਾਨਾ ਲੋਕ ਬਾਣੀ ਅਖਬਾਰ ਲਈ ਪੱਤਰਕਾਰਾ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ

ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਂਕ ਜਲੰਧਰ 9915594111

# ਕਿਸਾਨ ਅੰਦੋਲਨ ਨਾਲ ਜੁੜੀਆਂ ਪਟੀਸ਼ਨਾਂ ਤੇ SC ਦਾ ਆਦੇਸ਼- ਡੱਲੇਵਾਲ ਨੂੰ ਤੁਰੰਤ ਪ੍ਰਦਾਨ ਕਰੋ ਡਾਕਟਰੀ ਸਹਾਇਤਾ

(ਲੋਕ ਬਾਣੀ) ਕਿਸਾਨ ਅੰਦੋਲਨ ਨਾਲ ਸਬੰਧਤ ਪਟੀਸ਼ਨਾਂ ਤੇ ਸੁਪਰੀਮ ਕੋਰਟ ਦਾ ਅਹਿਮ ਫੈਸਲਾ ਸੁਣਾਇਆ ਹੈ। ਦਰਅਸਲ ਸੁਪਰੀਮ ਕੋਰਟ ਨੇ ਹਾਈ ਪਾਵਰ ਕਮੇਟੀ ਨੂੰ ਕਿਹਾ ਹੈ ਕਿ ਉਹ ਕਿਸਾਨਾਂ ਨੂੰ ਸਮਝਾਉਣ ਕਿ ਉਹ ਆਪਣਾ ਧਰਨਾ ਹਾਈਵੇਅ ਦੀ ਬਜਾਏ ਕਿਸੇ ਹੋਰ ਥਾਂ ਤੇ ਸ਼ਿਫਟ ਕਰਨ ਜਾਂ ਕੁਝ ਸਮੇਂ ਲਈ ਆਪਣਾ ਧਰਨਾ ਮੁਲਤਵੀ ਕਰ ਦੇਣ। ਅਦਾਲਤ ਨੇ ਕਿਹਾ ਕਿ ਕਮੇਟੀ ਅਗਲੀ ਮੀਟਿੰਗ ਵਿੱਚ ਇਸ ਬਾਰੇ ਕਿਸਾਨਾਂ ਨਾਲ ਗੱਲ ਕਰੇ ਅਤੇ ਰਿਪੋਰਟ ਅਦਾਲਤ ਵਿੱਚ ਪੇਸ਼ ਕਰੇ।

ਹਰਿਆਣਾ-ਪੰਜਾਬ ਦੀ ਖਨੌਰੀ ਸਰਹੱਦ ਤੇ ਮਰਨ ਵਰਤ ਤੇ ਬੈਠੇ ਕਿਸਾਨ ਆਗੂ ਜਗਜੀਤ ਡੱਲੇਵਾਲ ਨੂੰ ਲੈ ਕੇ ਸੁਪਰੀਮ ਕੋਰਟ ਨੇ ਸਖ਼ਤ ਹੁਕਮ ਜਾਰੀ ਕੀਤੇ ਹਨ। ਸੁਪਰੀਮ ਕੋਰਟ ਨੇ ਪੰਜਾਬ ਅਤੇ ਕੇਂਦਰ ਸਰਕਾਰਾਂ ਨੂੰ ਉਸ ਨੂੰ ਤੁਰੰਤ ਡਾਕਟਰੀ ਸਹਾਇਤਾ ਮੁਹੱਈਆ ਕਰਵਾਉਣ ਲਈ ਕਿਹਾ ਹੈ। ਉਨ੍ਹਾਂ ਨੂੰ ਖਾਣ ਲਈ ਮਜਬੂਰ ਨਹੀਂ ਕੀਤਾ ਜਾਣਾ ਚਾਹੀਦਾ। ਸੁਪਰੀਮ ਕੋਰਟ ਨੇ ਕਿਹਾ ਕਿ ਡੱਲੇਵਾਲ ਦੀ ਜ਼ਿੰਦਗੀ ਅੰਦੋਲਨ ਨਾਲੋਂ ਜ਼ਿਆਦਾ ਅਹਿਮ ਹੈ।



ਅਦਾਲਤ ਨੇ ਕੇਂਦਰ ਅਤੇ ਪੰਜਾਬ ਸਰਕਾਰਾਂ ਨੂੰ ਕਿਹਾ ਹੈ ਕਿ ਖਨੌਰੀ ਸਰਹੱਦ ਤੇ ਮਰਨ ਵਰਤ ਤੇ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੂੰ ਤੁਰੰਤ ਲੋੜੀਂਦੀਆਂ ਡਾਕਟਰੀ ਸਹੂਲਤਾਂ ਮੁਹੱਈਆ ਕਰਵਾਈਆਂ ਜਾਣ। ਅਦਾਲਤ ਨੇ ਕਿਹਾ ਕਿ ਡੱਲੇਵਾਲ ਨੂੰ ਮਰਨ ਵਰਤ ਤੋੜਨ ਲਈ ਮਜਬੂਰ ਨਾ ਕੀਤਾ ਜਾਵੇ ਪਰ ਪੰਜਾਬ ਅਤੇ ਕੇਂਦਰ ਦੇ ਨੁਮਾਇੰਦੇ ਨੇ ਉਨ੍ਹਾਂ ਨਾਲ ਗੱਲਬਾਤ ਕਰਕੇ ਮਰਨ ਵਰਤ ਤੋੜਨ ਲਈ ਸਮਝਾਉਣ।

# ਡਾਕਖਾਨੇ ਦੇ ਏਜੰਟਾਂ ਦਾ ਕਾਰਨਾਮਾ ਪੰਜ ਲੱਖ ਲੈ ਕੇ FDR ਕੀਤੀ ਪੰਜ ਹਜਾਰ ਦੀ, 6 ਲੱਖ ਲੈ ਕੇ 600 ਦੀ ਕੀਤੀ RD

ਗੁਰਦਾਸਪੁਰ(ਲੋਕ ਬਾਣੀ)ਡਾਕਖਾਨੇ ਵਿੱਚ ਐਫ ਡੀ ਅਤੇ ਆਰਡੀ ਕਰਨ ਵਾਲੇ 4 ਏਜੈਂਟਾਂ ਵੱਲੋਂ ਲੱਖਾਂ ਰੁਪਏ ਦੀ ਘਪਲੇਬਾਜੀ ਕਰਨ ਦੇ ਦੋਸ਼ ਹੇਠ ਗੁਰਦਾਸਪੁਰ ਦੀ ਇੱਕ ਅਦਾਲਤ ਵਲੋਂ ਵੱਖ ਵੱਖ ਧਾਰਾਵਾਂ ਤਹਿਤ ਤਿੰਨ -ਤਿੰਨ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਸਜ਼ਾ ਪਾਉਣ ਵਾਲਿਆਂ ਵਿੱਚ ਦੋ ਏਜੈਂਟ ਉਹਨਾਂ ਦੀਆਂ ਪਤਨੀਆਂ ਸ਼ਾਮਿਲ ਹਨ। ਮਾਮਲਾ ਅੱਠ ਸਾਲ ਪੁਰਾਣਾ ਯਾਨੀ ਦਸੰਬਰ 2016 ਦਾ ਹੈ

ਇਕੱਠੀ ਕੀਤੀ ਗਈ ਜਾਣਕਾਰੀ ਅਨੁਸਾਰ ਧਾਰੀਵਾਲ ਡਾਕਖਾਨੇ ਦੇ ਏਜੈਂਟਾ ਰਮੇਸ਼ ਕੁਮਾਰ ਪੁੱਤਰ ਬੋਧ ਰਾਜ ਵਾਸੀ ਕ੍ਰਿਸ਼ਨਾ ਗਲੀ ਧਾਰੀਵਾਲ ਤੇ ਉਸਦੀ ਪਤਨੀ ਸੀਮਾ ਰਾਣੀ ਅਤੇ ਬਲਵਿੰਦਰ ਕੁਮਾਰ ਉਰਫ ਬਲਵਿੰਦਰ ਰਾਏ ਮਹਾਜਨ ਪੁੱਤਰ ਢਿੱਲੋਂ ਰਾਮ ਵਾਸੀ ਗੋਪਾਲ ਨਗਰ ਧਾਰੀਵਾਲ ਤੇ ਉਸਦੀ ਪਤਨੀ ਨਿਰਮਲਾ ਮਹਾਜਨ ਨੇ ਡਾਕਖਾਨੇ ਵਿੱਚ ਐਫ ਡੀਆਂ ਵਲੋਂ ਵੱਖ-ਵੱਖ ਲੋਕਾਂ ਕੋਲੋਂ ਵੱਧ ਰਕਮ ਲੈ ਕੇ ਘੱਟ ਪੈਸੇ ਦੀਆਂ ਐਫ.ਡੀਆਂ ਅਤੇ ਆਰ.ਡੀਆਂ ਖੋਲ੍ਹ ਕੇ ਗ੍ਰਾਹਕਾਂ ਦੀ ਪਾਸ ਬੁੱਕ ਉਪਰ ਖੁਦ ਹੀ ਪੂਰੀ ਰਕਮ ਲਿਖ ਦਿੱਤੀ ਜਾਂਦੀ ਰਹੀ। ਜਦੋਂ ਕੁੱਝ ਐਫ.ਡੀ/ਆਰ. ਡੀ ਧਾਰਕ ਲੋੜ ਪੈਣ 'ਤੇ ਆਪਣੀ ਐਫ.ਡੀ/ ਆਰ.ਡੀ ਦੇ ਪੈਸੇ ਕੱਢਵਾਉਣ ਡਾਕਖਾਨੇ ਗਏ ਤਾਂ ਇਹ ਘਪਲਾ ਸਾਹਮਣੇ ਆਇਆ ਅਤੇ ਉਹਨਾਂ ਵੱਲੋਂ ਦਸੰਬਰ 2016 ਵਿੱਚ ਇਸ ਦੀ ਸ਼ਿਕਾਇਤ ਪੁਲਿਸ ਨੂੰ ਕਰਕੇ ਥਾਨਾ ਧਾਰੀਵਾਲ ਵਿਖੇ ਮਾਮਲਾ ਦਰਜ ਕਰਵਾਇਆ ਗਿਆ ਸੀ। ਏਜੈਂਟਾਂ ਦੀ ਇਸ ਧੋਖਾਧੜੀ ਦੇ ਜਿਆਦਾਤਰ ਸ਼ਿਕਾਰ ਸੀਨੀਅਰ ਸਿਟੀਜਨ/ਪੈਨਸਨਰ ਬਣੇ ਹਨ।

ਸ਼ਿਕਾਇਤ ਕਰਤਾ ਤ੍ਰਿਪਤਾ ਦੇਵੀ ਪਤਨੀ ਬਲਦੇਵ ਰਾਜ ਵਾਸੀ ਕ੍ਰਿਸ਼ਨਾ ਗਲੀ ਧਾਰੀਵਾਲ ਕੋਲੋਂ 14 ਨਵੰਬਰ 2015 ਵਿੱਚ 5 ਲੱਖ ਰੁਪਏ ਦਾ ਚੈੱਕ ਐਫ ਡੀ ਕਰਵਾਉਣ ਲਈ ਅਤੇ ਚਾਰ ਮਈ 20 16 ਵਿੱਚ 6 ਲੱਖ ਰੁਪਏ ਦਾ ਪੰਜਾਬ ਨੈਸ਼ਨਲ ਬੈਂਕ ਦਾ ਚੈਕ ਆਰ.ਡੀ.ਕਰਨ ਵਾਸਤੇ ਡਾਕਖਾਨੇ ਦੇ ਏਜੰਟ ਰਮੇਸ਼ ਕੁਮਾਰ ਅਤੇ ਸੀਮਾ ਰਾਣੀ ਨੇ ਲਏ ਸਨ ਪਰ ਦਸੰਬਰ 2016 ਵਿੱਚ ਪੈਸੇ ਦੀ ਜ਼ਰੂਰਤ ਪੈਣ ਤੇ ਜਦੋਂ ਪੈਸੇ ਕਢਵਾਉਣ ਲਈ ਗਏ ਤਾਂ ਪਤਾ ਲੱਗਿਆ ਕਿ 5 ਹਜਾਰ ਦੀ ਐਫ.ਡੀ. ਕਰਕੇ ਉਨ੍ਹਾਂ ਦੀ ਪਾਸ ਬੁੱਕ ਉਪਰ 5 ਲੱਖ ਲਿਖ ਕੇ ਦਿੱਤੇ ਗਏ। ਦੂਜੀ ਰਕਮ 6 ਲੱਖ ਰੁਪਏ ਐਫ.ਡੀ.ਵਾਸਤੇ ਲੈ ਕੇ 600 ਰੁਪਏ ਦੀ ਆਰ.ਡੀ.ਕਰ ਕੇ ਪਾਸ ਬੁੱਕ ਤੇ 6 ਲੱਖ ਐਫ.ਡੀ.ਲਿਖ ਦਿੱਤੀ

ਇਸੇ ਤਰ੍ਹਾਂ ਦੂਸਰੇ ਡਾਕਖਾਨਾ ਏਜੰਟਾਂ ਬਲਵਿੰਦਰ ਕੁਮਾਰ ਉਰਫ ਬਲਵਿੰਦਰ ਰਾਏ ਮਹਾਜਨ ਅਤੇ ਨਿਰਮਲਾ ਮਹਾਜਨ ਨੇ ਬਚਨ ਲਾਲ ਪੁੱਤਰ ਪਿਆਰਾ ਲਾਲ ਵਾਸੀ ਕਾਦੀਆਂ ਕੋਲੋਂ 7 ਲੱਖ ਰੁਪਏ ਐਫ ਡੀ ਕਰਨ ਵਾਸਤੇ ਲਏ ਪਰ 200 ਰੁਪਏ ਦੀਆਂ ਦੀਆਂ 3 ਐਫ਼ ਡੀਜ ਕਰਕੇ ਕਾਪੀ ਪਾਸਬੁਕ ਤੇ ਦੋ ਦੋ ਲੱਖ ਰੁਪਏ ਭਰ ਦਿੱਤਾ ਗਿਆ ਜਦਕਿ 1000 ਰੁਪਏ ਦੀ ਜਆਰ ਡੀ ਖੋਲ੍ਹ ਕੇ ਪਾਸ ਬੁੱਕ ਵਿੱਚ ਇਕ ਲੱਖ ਰੁਪਏ ਦੀ ਰਕਮ ਲਿਖ ਦਿੱਤੀ ਗਈ। ਇਸ ਸਬੰਧ ਵਿੱਚ ਥਾਣਾ ਧਾਰੀਵਾਲ ਵਿੱਚ ਪੁਲੀਸ ਨੇ 12-12-2016 ਨੂੰ ਦੋਸ਼ੀਆਂ ਖਿਲਾਫ ਧੋਖਾਧੜੀ ਸਮੇਤ ਵੱਖ ਵੱਖ ਧਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਅਤੇ ਉਸ ਸਮੇਂ ਦੌਰਾਨ ਪੁਲੀਸ ਵਲੋਂ ਉਕਤ ਦੋਸੀਆਂ ਨੂੰ ਗ੍ਰਿਫਤਾਰ ਕਰਕੇ ਮਾਣਯੋਗ ਅਦਾਲਤ ਵਿੱਚ ਪੇਸ਼ ਵੀ ਕੀਤਾ ਗਿਆ। ਮਾਣਯੋਗ ਅਦਾਲਤ ਵਲੋਂ ਸਬੂਤਾਂ ਤੇ ਗਵਾਹਾਂ ਦੇ ਅਧਾਰ ਤੇ ਸੰਜੀਦਗੀ ਨਾਲ ਮਾਮਲੇ ਦੀ ਸੁਣਵਾਈ ਕੀਤੀ ਗਈ । ਅਦਾਲਤ ਵੱਲੋਂ ਮਾਮਲੇ ਵਿੱਚ ਦੋਹਾਂ ਸ਼ਿਕਾਇਤ ਕਰਤਾਵਾਂ ਤੋਂ ਇਲਾਵਾ 19 ਹੋਰ ਸਬੰਧਤ ਵਿਅਕਤੀਆਂ ਦੀਆਂ ਗਵਾਹੀਆਂ ਕਲਮਬੱਧ ਕੀਤੀਆਂ ਗਈਆਂ ਸੀ ਅਤੇ ਹੁਣ ਮਾਣਯੋਗ ਜੱਜ ਜਗ ਇੰਦਰ ਸਿੰਘ ਦੀ ਅਦਾਲਤ ਵਲੋਂ ਰਮੇਸ਼ ਕੁਮਾਰ, ਸੀਮਾ ਰਾਣੀ, ਬਲਵਿੰਦਰ ਕੁਮਾਰ ਉਰਫ ਬਲਵਿੰਦਰ ਰਾਏ ਮਹਾਜਨ, ਨਿਰਮਲਾ ਮਹਾਜਨ ਨੂੰ ਵੱਖ ਵੱਖ ਧਾਰਾਵਾਂ ਤਹਿਤ ਤਿੰਨ -ਤਿੰਨ ਸਾਲ ਦੀ ਕੈਦ ਅਤੇ ਨੌ-ਨੌ ਹਜਾਰ ਰੁਪਏ ਜ਼ੁਰਮਾਨੇ ਦੀ ਸਜ਼ਾ ਸੁਣਾਈ ਹੈ।




# ਜਲੰਧਰ ਚ ਆਪ ਦੇ ਜਗੀਰ ਸਿੰਘ ਨੂੰ ਮਿਲ ਰਿਹਾ ਹੈ ਵਾਰਡ ਦੇ ਲੋਕਾਂ ਦਾ ਸਾਥ

ਜਲੰਧਰ, ਲੋਕ ਬਾਣੀ --ਆਮ ਆਦਮੀ ਪਾਰਟੀ ਦੇ ਵਾਰਡ ਨੰਬਰ 4 ਤੋਂ ਲੜ ਰਹੇ ਜਗੀਰ ਸਿੰਘ ਨੇ ਚੋਣ ਪ੍ਰਚਾਰ ਦੌਰਾਨ, ਮੁਹੱਲੇ ਦੇ ਗੁਰੂਦੁਆਰਾ ਸਾਹਿਬ ਤੇ ਮਾਤਾ ਚਿੰਤਪੂਰਨੀ ਮੰਦਰ ਨਿਊ ਹਰਦਿਆਲ ਨਗਰ ਚ ਪ੍ਰਮਾਤਮਾ ਤੋਂ ਅਸ਼ੀਰਵਾਦ ਲਿਆ ਤੇ ਨਾਲ ਉਨ੍ਹਾਂ ਨੂੰ ਇਲਾਕੇ ਦੇ ਲੋਕਾਂ ਦਾ ਭਾਰੀ ਸਮਰਥਨ ਮਿਲਿਆ ਉਨ੍ਹਾਂ ਆਪਣੀ ਜਿੱਤ ਤੋਂ ਬਾਅਦ ਸਭ ਤੋਂ ਪਹਿਲਾਂ ਕੰਮ ਵਾਰਡ ਦਾ ਵਿਕਾਸ ਤੇ ਲੋਕਾਂ ਦੀ ਸੇਵਾ ਹੋਵੇਗਾ ਕਿਹਾ

ਰੋਜ਼ਾਨਾ ਲੋਕ ਬਾਣੀ www.lokbani

# ਪੰਜਾਬ ਸਰਕਾਰ ਨੇ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੇ ਚੇਅਰਮੈਨ ਲਈ ਬਿਨੈ ਪੱਤਰ ਮੰਗੇ

ਚੰਡੀਗੜ੍ਹ, (ਲੋਕ ਬਾਣੀ)- ਪੰਜਾਬ ਸਰਕਾਰ ਵੱਲੋਂ ਪੰਜਾਬ ਪਬਲਿਕ ਸਰਵਿਸ ਕਮਿਸ਼ਨ, ਪਟਿਆਲਾ ਦੇ ਚੇਅਰਮੈਨ ਦੀ ਖਾਲੀ ਪਈ ਅਸਾਮੀ ਨੂੰ ਭਰਨ ਲਈ ਬੇਦਾਗ, ਇਮਾਨਦਾਰ, ਉੱਚ ਸਮਰੱਥਾ ਅਤੇ ਪ੍ਰਸ਼ਾਸਨਿਕ ਤਜ਼ਰਬੇ ਵਾਲੇ ਨਾਮਵਰ ਵਿਅਕਤੀਆਂ ਤੋਂ ਬਿਨੈ ਪੱਤਰ ਮੰਗੇ ਗਏ ਹਨ।

ਇਹ ਪ੍ਰਗਟਾਵਾ ਕਰਦਿਆਂ ਅੱਜ ਇੱਥੇ ਪੰਜਾਬ ਸਰਕਾਰ ਦੇ ਇੱਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਯੋਗਤਾ ਦੇ ਮਾਪਦੰਡਾਂ ਅਨੁਸਾਰ ਬਿਨੈਕਾਰਾਂ ਵੱਲੋਂ ਭਾਰਤ ਸਰਕਾਰ ਜਾਂ ਸੂਬਾ ਸਰਕਾਰ ਦੇ ਅਧੀਨ ਘੱਟੋ-ਘੱਟ 10 ਸਾਲਾਂ ਲਈ ਕੰਮ ਕੀਤਾ ਹੋਣਾ ਚਾਹੀਦਾ ਹੈ। ਇਸ ਤੋਂ ਇਲਾਵਾ, ਇਸ ਸਬੰਧ ਵਿਚ ਜਨਤਕ ਨੋਟਿਸ ਜਾਰੀ ਕਰਨ ਦੀ ਮਿਤੀ ਨੂੰ ਬਿਨੈਕਾਰ ਦੀ ਉਮਰ 62 ਸਾਲ ਤੋਂ ਘੱਟ ਹੋਣੀ ਚਾਹੀਦੀ ਹੈ। ਮਿਤੀ 26.11.2024 ਦੇ ਇਸ਼ਤਿਹਾਰ ਅਧੀਨ ਜਿੰਨ੍ਹਾਂ ਉਮੀਦਵਾਰਾਂ ਵੱਲੋਂ ਅਪਲਾਈ ਕੀਤਾ ਹੈ, ਨੂੰ ਦੁਬਾਰਾ ਅਪਲਾਈ ਕਰਨ ਦੀ ਜ਼ਰੂਰਤ ਨਹੀ ਹੈ।ਇੱਛੁਕ ਬਿਨੈਕਾਰਾਂ ਨੂੰ ਆਪਣਾ ਮੁਕੰਮਲ ਬਾਇਓ-ਡਾਟਾ, ਇੱਕ ਅੰਡਰਟੇਕਿੰਗ ਸਮੇਤ, ਸਕੱਤਰ ਪ੍ਰਸੋਨਲ, ਪੰਜਾਬ ਸਰਕਾਰ (ਪੀ.ਪੀ.-3 ਸ਼ਾਖਾ), ਕਮਰਾ ਨੰਬਰ 14, 6ਵੀਂ ਮੰਜ਼ਿਲ, ਪੰਜਾਬ ਸਿਵਲ ਸਕੱਤਰੇਤ, ਸੈਕਟਰ-1, ਚੰਡੀਗੜ੍ਹ ਦੇ ਦਫ਼ਤਰ ਵਿੱਚ ਬਿਨੈ-ਪੱਤਰ ਜਮ੍ਹਾਂ ਕਰਨ ਦੀ ਅੰਤਿਮ ਮਿਤੀ 25 ਦਸੰਬਰ, 2024 ਨੂੰ ਸ਼ਾਮ 5:00 ਵਜੇ ਤੱਕ ਪਹੁੰਚਦੀਆਂ ਕਰਨੀਆਂ ਹਨ।

ਮੁੱਖ ਸਕੱਤਰ ਦੀ ਅਗਵਾਈ ਵਾਲੀ ਇੱਕ ਖੋਜ ਕਮੇਟੀ ਯੋਗ ਉਮੀਦਵਾਰਾਂ ਦੇ ਨਾਵਾਂ ਨੂੰ ਸ਼ਾਰਟਲਿਸਟ ਕਰੇਗੀ। ਇਨ੍ਹਾਂ ਨਾਵਾਂ ਤੇ ਫਿਰ ਪੰਜਾਬ ਦੇ ਮੁੱਖ ਮੰਤਰੀ ਦੀ ਪ੍ਰਧਾਨਗੀ ਵਾਲੀ ਉੱਚ-ਪਾਵਰ ਕਮੇਟੀ ਦੁਆਰਾ ਵਿਚਾਰ ਕੀਤਾ ਜਾਵੇਗਾ।

# ਡਾ ਬੀ.ਡੀ ਸ਼ਰਮਾ ਦੀ ਪਤਨੀ ਸੁਖਜੀਤ ਕੌਰ ਨੂੰ ਮਿਲ ਰਿਹਾ ਹੈ ਭਾਰੀ ਸਮਰਥਨ



ਜਲੰਧਰ, ਲੋਕ ਬਾਣੀ -ਵਾਰਡ ਨੰਬਰ 77 ਤੋਂ ਆਪ ਦੀ ਉਮੀਦਵਾਰ ਅਤੇ ਸਮਾਜ ਸੇਵੀ ਡਾ ਬੀ.ਡੀ ਸ਼ਰਮਾ ਦੀ ਧਰਮ ਪਤਨੀ ਸੁਖਜੀਤ ਕੌਰ ਨੇ ਲੋਕ ਬਾਣੀ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਅੱਜ ਦੇ ਚੋਣ ਪ੍ਰਚਾਰ ਵਿਚ ਲੋਕਾਂ ਦਾ ਭਾਰੀ ਸਮਰਥਨ ਮਿਲਿਆ ਹੈ ਤੇ ਮੈਂ ਅਤੇ ਮੇਰੇ ਪਤੀ ਦੁਆਰਾ ਜਿੱਤਣ ਤੋਂ ਬਾਅਦ ਵਾਰਡ ਦੇ ਸਭ ਅਧੂਰੇ ਪਏ ਕੰਮ ਪੂਰੇ ਕਰਾਂਗੇ

ਰੋਜ਼ਾਨਾ ਲੋਕ ਬਾਣੀ www.lokbani

# ਪਿੰਡ ਸੇਖਾ ਅਤੇ ਗੁੰਮਟੀ ਵਿਖੇ ਚਲਾਇਆ ਟ੍ਰੇਨਿੰਗ ਪ੍ਰੋਗਰਾਮ



ਬਰਨਾਲਾ, (ਲੋਕ ਬਾਣੀ) ਐਸ.ਬੀ.ਆਈ ਆਰਸੈਟੀ ਬਰਨਾਲਾ ਦੇ ਨੁਮਾਇੰਦੇ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬੇਰੁਜ਼ਗਾਰ ਨੌਜਵਾਨ ਲੜਕੇ-ਲੜਕੀਆਂ ਲਈ ਆਪਣੇ ਪੈਰ੍ਹਾਂ ਤੇ ਖੜ੍ਹੇ ਹੋ ਕੇ ਆਪਣਾ ਸਵੈ ਰੋਜ਼ਗਾਰ ਸ਼ੁਰੂ ਕਰਨ ਲਈ ਵੱਖ-ਵੱਖ ਤਰ੍ਹਾਂ ਦੇ ਕੋਰਸ ਕਰਵਾਏ ਜਾਂਦੇ ਹਨ।

ਇਸੇ ਲੜੀ ਤਹਿਤ ਇਸ ਸੰਸਥਾ ਵੱਲੋਂ ਸਟੇਟ ਬੈਂਕ ਆਫ ਇੰਡਿਆ ਦੇ ਸਹਿਯੋਗ ਨਾਲ 6 ਦਿਨਾਂ ਦਾ ਜਨਰਲ ਈ.ਡੀ.ਪੀ ਦਾ ਮੁਫ਼ਤ ਟ੍ਰੇਨਿੰਗ ਕੋਰਸ ਪਿੰਡ ਸੇਖਾ ਵਿਖੇ ਲਗਾਇਆ ਗਿਆ। ਇਸ ਟ੍ਰੇਨਿੰਗ ਪ੍ਰੋਗਰਾਮ ਵਿੱਚ ਤਕਰੀਬਨ 35 ਸਿਖਿਆਰਥੀਆਂ ਨੇ ਹਿੱਸਾ ਲਿਆ। ਇਸ ਕੋਰਸ ਵਿੱਚ ਉਮੀਦਵਾਰਾਂ ਨੇ ਪਾਪੜ, ਆਚਾਰ ਬਣਾਉਣ ਦੀ ਸਿਖਲਾਈ ਪ੍ਰਾਪਤ ਕੀਤੀ।

ਇਸੇ ਤਰ੍ਹਾਂ ਸੰਸਥਾ ਵੱਲੋਂ ਪਿੰਡ ਗੁੰਮਟੀ ਵਿਖੇ ਵੀ ਟ੍ਰੇਨਿੰਗ ਪ੍ਰੋਗਰਾਮ ਚਲਾਇਆ ਗਿਆ ਜਿਸ ਵਿਚ 33 ਸਿਖਿਆਰਥੀਆਂ ਨੇ ਹਿੱਸਾ ਲਿਆ।

ਇਸ ਉਪਰੰਤ ਆਰਸੈਟੀ ਸਟਾਫ਼ ਨੇ ਸਿਖਿਆਰਥੀਆਂ ਨੂੰ ਸਵੈ ਰੋਜ਼ਗਾਰ ਸ਼ੁਰੂ ਕਰਨ ਅਤੇ ਸਵੈ ਰੋਜ਼ਗਾਰ ਚਲਾਉਣ ਲਈ ਕਰਜ਼ਾ ਲੈਣ ਦੇ ਚਾਹਵਾਨ ਨੂੰ ਪ੍ਰਧਾਨ ਮੰਤਰੀ ਮੁਦਰਾ ਯੋਜਨਾ ਬਾਰੇ ਜਾਣਕਾਰੀ ਦਿੰਦੇ ਹੋਏ ਸਰਟੀਫ਼ਿਕੇਟ ਵੰਡੇ। ਇਸ ਸਮਾਰੋਹ ਵਿੱਚ ਐਸ.ਬੀ.ਆਈ ਆਰਸੈਟੀ ਦਾ ਸਮੂਹ ਸਟਾਫ਼ ਵੀ ਹਾਜ਼ਰ ਸੀ।

# ਇੱਕ ਦੇਸ਼ ਇੱਕ ਚੋਣ ਸੂਬਿਆਂ ਦੇ ਅਧਿਕਾਰਾਂ ਨੂੰ ਕਮਜ਼ੋਰ ਕਰੇਗਾ: ਬਾਜਵਾ

ਚੰਡੀਗੜ੍ਹ, (ਲੋਕ ਬਾਣੀ) ਕੇਂਦਰੀ ਮੰਤਰੀ ਮੰਡਲ ਵੱਲੋਂ ਇੱਕ ਦੇਸ਼ ਇੱਕ ਚੋਣ ਲਾਗੂ ਕਰਨ ਲਈ ਬਿੱਲਾਂ ਨੂੰ ਪ੍ਰਵਾਨਗੀ ਦੇਣ ਤੋਂ ਬਾਅਦ ਪੰਜਾਬ ਵਿਧਾਨ ਸਭਾ ਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਸ਼ੁੱਕਰਵਾਰ ਨੂੰ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਤੇ ਸੰਘੀ ਢਾਂਚੇ ਨੂੰ ਕਮਜ਼ੋਰ ਕਰਨ ਦੀ ਸਾਜ਼ਿਸ਼ ਰਚਣ ਦਾ ਦੋਸ਼ ਲਾਇਆ।

ਉਨ੍ਹਾਂ ਕਿਹਾ ਕਿ ਭਾਰਤੀ ਸੰਵਿਧਾਨ ਮੁਤਾਬਿਕ ਭਾਰਤ ਸੂਬਿਆਂ ਦਾ ਸੰਘ ਹੈ। ਹਰ ਭਾਰਤੀ ਸੂਬਾ ਵਿਲੱਖਣ ਹੈ ਅਤੇ ਉਨ੍ਹਾਂ ਦੀਆਂ ਆਪਣੀਆਂ ਉਲਝਣਾਂ, ਮੁੱਦੇ ਅਤੇ ਤਰਜੀਹਾਂ ਹਨ। ਇੱਕ ਦੇਸ਼ ਇੱਕ ਚੋਣ ਲਾਗੂ ਕਰਨ ਨਾਲ ਸੂਬਿਆਂ ਦੇ ਅਧਿਕਾਰ ਕਮਜ਼ੋਰ ਹੋਣਗੇ ਅਤੇ ਕੇਂਦਰੀਕਰਨ ਅਤੇ ਤਾਨਾਸ਼ਾਹੀ ਨੂੰ ਉਤਸ਼ਾਹਿਤ ਕੀਤਾ ਜਾਵੇਗਾ।

ਸੀਨੀਅਰ ਕਾਂਗਰਸੀ ਆਗੂ ਬਾਜਵਾ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਇੱਕ ਦੇਸ਼ ਇੱਕ ਚੋਣ ਤੇ ਜ਼ੋਰ ਦੇਣ ਨਾਲ ਸੰਘਵਾਦ ਅਤੇ ਭਾਰਤ ਦੀ ਵਿਭਿੰਨਤਾ ਨੂੰ ਖ਼ਤਰਾ ਹੋਵੇਗਾ। ਇੱਕ ਦੇਸ਼ ਇੱਕ ਚੋਣ ਦੇਸ਼ ਦੇ ਭਵਿੱਖ ਤੇ ਮਾੜਾ ਅਸਰ ਪਾਵੇਗਾ। ਸੂਬਿਆਂ ਦੀਆਂ ਅਤੇ ਲੋਕ ਸਭਾ ਚੋਣਾਂ ਇੱਕੋ ਸਮੇਂ ਕਰਵਾਉਣ ਨਾਲ ਸੂਬਿਆਂ ਦੇ ਮੁੱਦਿਆਂ ਤੇ ਰਾਸ਼ਟਰੀ ਮੁੱਦੇ ਅਤੇ ਰਾਸ਼ਟਰੀ ਸਿਆਸਤ ਹਾਵੀ ਹੋਵੇਗੀ।

ਉਨ੍ਹਾਂ ਕਿਹਾ ਕਿ ਜਦੋਂ ਤੋਂ ਭਾਜਪਾ ਸੱਤਾ ਚ ਆਈ ਹੈ, ਉਦੋਂ ਤੋਂ ਉਹ ਇੱਕ ਰਾਸ਼ਟਰ ਇੱਕ ਚੋਣ, ਇੱਕ ਰਾਸ਼ਟਰ ਇੱਕ ਭਾਸ਼ਾ, ਇੱਕ ਰਾਸ਼ਟਰ ਇੱਕ ਮੰਡੀ, ਇੱਕ ਰਾਸ਼ਟਰ ਇੱਕ ਟੈਕਸ ਆਦਿ ਦੇ ਨਾਅਰੇ ਨੂੰ ਉਤਸ਼ਾਹਿਤ ਕਰਨ ਤੇ ਤੁਲੀ ਹੋਈ ਹੈ। ਇਸ ਦੇਸ਼ ਦੇ ਲੋਕਾਂ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਭਾਰਤ ਇੱਕ ਵਿਭਿੰਨਤਾ ਵਾਲਾ ਦੇਸ਼ ਹੈ। ਬਾਜਵਾ ਨੇ ਜ਼ੋਰ ਦੇ ਕੇ ਕਿਹਾ ਕਿ ਇੱਕਸਾਰਤਾ ਸੰਭਾਵਿਤ ਤੌਰ ਤੇ ਵਿਭਿੰਨਤਾ ਦੀ ਸੁੰਦਰਤਾ ਨੂੰ ਦਾਗ ਲਾਵੇਗਾ।




ਕਾਦੀਆਂ ਦੇ ਵਿਧਾਇਕ ਬਾਜਵਾ ਨੇ ਕਿਹਾ ਕਿ ਜੀ.ਐਸ.ਟੀ. ਨੂੰ ਗ਼ਲਤ ਢੰਗ ਨਾਲ ਲਾਗੂ ਕਰਨ ਨਾਲ ਸੂਬੇ ਆਪਣੇ ਹਿੱਸੇ ਦੇ ਟੈਕਸ ਲਈ ਭੀਖ ਮੰਗਣ ਤੱਕ ਹੀ ਸੀਮਤ ਹੋ ਗਏ ਹਨ।

ਬਾਜਵਾ ਨੇ ਖੇਤਰੀ ਪਾਰਟੀਆਂ ਸਮੇਤ ਸਾਰੀਆਂ ਵਿਰੋਧੀ ਪਾਰਟੀਆਂ ਨੂੰ ਇੱਕ ਦੇਸ਼ ਇੱਕ ਚੋਣ ਦਾ ਵਿਰੋਧ ਕਰਨ ਲਈ ਮਜ਼ਬੂਤੀ ਨਾਲ ਖੜ੍ਹੇ ਹੋਣ ਦੀ ਅਪੀਲ ਕੀਤੀ। ਬਾਜਵਾ ਨੇ ਕਿਹਾ ਕਿ ਸੰਵਿਧਾਨ ਅਤੇ ਦੇਸ਼ ਵਿਚ ਪ੍ਰਫੁੱਲਤ ਲੋਕਤੰਤਰ ਦੀ ਰਾਖੀ ਲਈ ਇੱਕ ਦੇਸ਼ ਇੱਕ ਚੋਣ ਦਾ ਡਟ ਕੇ ਵਿਰੋਧ ਕੀਤਾ ਜਾਣਾ ਚਾਹੀਦਾ ਹੈ।

# ਵਿਜੀਲੈਂਸ ਬਿਊਰੋ ਨੇ 1500 ਰੁਪਏ ਰਿਸ਼ਵਤ ਲੈਣ ਦੇ ਦੋਸ਼ ਹੇਠ ਪਟਵਾਰੀ ਵਿਰੁੱਧ ਭ੍ਰਿਸ਼ਟਾਚਾਰ ਦਾ ਮੁਕੱਦਮਾ ਕੀਤਾ ਦਰਜ




ਚੰਡੀਗੜ੍ਹ (ਲੋਕ ਬਾਣੀ) ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਜਗਰਾਉਂ, ਜ਼ਿਲ੍ਹਾ ਲੁਧਿਆਣਾ ਵਿਖੇ ਤਾਇਨਾਤ ਮਾਲ ਪਟਵਾਰੀ ਵਿਕਾਸ ਸੋਨੀ ਵਿਰੁੱਧ ਸ਼ਿਕਾਇਤਕਰਤਾ ਨੂੰ ਇੰਤਕਾਲ ਦੀ ਕਾਪੀ ਜਾਰੀ ਕਰਨ ਬਦਲੇ 1500 ਰੁਪਏ ਰਿਸ਼ਵਤ ਲੈਣ ਅਤੇ ਹੋਰ ਰਿਸ਼ਵਤ ਮੰਗਣ ਦੇ ਦੋਸ਼ ਹੇਠ ਭ੍ਰਿਸ਼ਟਾਚਾਰ ਦਾ ਕੇਸ ਦਰਜ ਕੀਤਾ ਗਿਆ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਅੱਜ ਇੱਥੇ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਵਿਰੁੱਧ ਇਹ ਕੇਸ ਸੁਖਵਿੰਦਰ ਸਿੰਘ ਵਾਸੀ ਪਿੰਡ ਲੀਲਾਂ, ਜ਼ਿਲ੍ਹਾ ਲੁਧਿਆਣਾ ਵੱਲੋਂ ਮੁੱਖ ਮੰਤਰੀ ਦੀ ਭ੍ਰਿਸ਼ਟਾਚਾਰ ਵਿਰੋਧੀ ਐਕਸ਼ਨ ਲਾਈਨ 'ਤੇ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ ਤੇ ਦਰਜ ਕੀਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਸ਼ਿਕਾਇਤਕਰਤਾ ਨੇ ਸ਼ਿਕਾਇਤ ਵਿੱਚ ਦੱਸਿਆ ਕਿ ਉਸਦੀ ਪਤਨੀ ਨੇ ਹੋਰ ਵਿਅਕਤੀਆਂ ਨੂੰ ਜ਼ਮੀਨ ਵੇਚੀ ਸੀ ਪਰ ਇਸਦਾ ਇੰਤਕਾਲ ਖਰੀਦਦਾਰਾਂ ਦੇ ਨਾਮ ਤੇ ਤਬਦੀਲ ਨਹੀਂ ਕੀਤਾ ਗਿਆ ਸੀ। ਸ਼ਿਕਾਇਤਕਰਤਾ ਮੁਤਾਬਕ ਉਕਤ ਪਟਵਾਰੀ ਨੇ ਇੰਤਕਾਲ ਦੀ ਕਾਪੀ ਜਾਰੀ ਕਰਨ ਬਦਲੇ 8000 ਰੁਪਏ ਰਿਸ਼ਵਤ ਦੀ ਮੰਗ ਕੀਤੀ ਪਰ ਸੌਦਾ 5000 ਰੁਪਏ ਵਿੱਚ ਤੈਅ ਹੋ ਗਿਆ। ਇਸ ਇਸ ਉਪਰੰਤ ਮੁਲਜ਼ਮ ਪਟਵਾਰੀ ਨੇ ਰਿਸ਼ਵਤ ਵਜੋਂ 1500 ਰੁਪਏ ਲੈ ਲਏ ਸਨ ਅਤੇ ਬਾਕੀ 3500 ਰੁਪਏ ਰਿਸ਼ਵਤ ਦੀ ਮੰਗ ਕਰ ਰਿਹਾ ਸੀ।

ਬੁਲਾਰੇ ਨੇ ਅੱਗੇ ਦੱਸਿਆ ਕਿ ਇਸ ਸ਼ਿਕਾਇਤ ਦੀ ਤਫ਼ਤੀਸ਼ ਦੌਰਾਨ ਸ਼ਿਕਾਇਤ ਵਿੱਚ ਲਗਾਏ ਗਏ ਦੋਸ਼ ਸਹੀ ਪਾਏ ਗਏ। ਇਸ ਤੋਂ ਬਾਅਦ ਮੁਲਜ਼ਮ ਪਟਵਾਰੀ ਵਿਰੁੱਧ ਵਿਜੀਲੈਂਸ ਬਿਊਰੋ ਦੇ ਥਾਣਾ ਲੁਧਿਆਣਾ ਰੇਂਜ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਮੁਲਜ਼ਮ ਨੂੰ ਗ੍ਰਿਫ਼ਤਾਰ ਕਰਨ ਲਈ ਕੋਸ਼ਿਸ਼ਾਂ ਜਾਰੀ ਹਨ।

# ਪ੍ਰੋਜੈਕਟ ਮਿਸ਼ਨ ਤੰਦਰੁਸਤ ਪੰਜਾਬ ਤਹਿਤ ਸੀਨੀਅਰ ਸੈਕੰਡਰੀ ਸਕੂਲ ਚੜਿੱਕ ਵਿਖੇ ਸੰਭਾਲ ਸੈਮੀਨਾਰ ਅਤੇ ਦੰਦਾਂ ਦਾ ਚੈੱਕਅਪ ਕੈਂਪ ਲਗਾਇਆ

ਮੋਗਾ, (ਲੋਕ ਬਾਣੀ) ਪੰਜਾਬ ਸਿੱਖਿਆ ਵਿਭਾਗ ਅਤੇ ਸਟੇਟ ਕੌਂਸਲ ਫਾਰ ਐਜੂਕੇਸ਼ਨਲ ਰਿਸਰਚ ਅਤੇ ਟਰੇਨਿੰਗ ਪੰਜਾਬ ਦੀਆਂ ਹਦਾਇਤਾਂ ਅਤੇ ਪ੍ਰੋਜੈਕਟ ਮਿਸ਼ਨ ਤੰਦਰੁਸਤ ਪੰਜਾਬ ਤਹਿਤ ਵਿਦਿਆਰਥੀਆਂ ਨੂੰ ਸਿਹਤ ਪ੍ਰਤੀ ਜਾਗਰੂਕ ਕਰਨ ਲਈ ਅੱਜ ਸ਼ਹੀਦ ਸਿਪਾਹੀ ਲਖਵੀਰ ਸਿੰਘ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਚੜਿੱਕ ਜ਼ਿਲ੍ਹਾ ਮੋਗਾ ਵਿਖੇ ਸਮਾਇਲ ਵੋਮੈਨ ਫਾਊਂਡੇਸ਼ਨ ਮੋਗਾ ਦੇ ਸਹਿਯੋਗ ਨਾਲ ਸਿਹਤ ਸੰਭਾਲ ਸੈਮੀਨਾਰ ਅਤੇ ਦੰਦਾਂ ਦਾ ਚੈੱਕਅਪ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ ਜਿਲ੍ਹਾ ਮੋਗਾ ਦੇ ਪ੍ਰਸਿੱਧ ਦੰਦਾਂ ਦੇ ਡਾਕਟਰ ਅਮੀਸ਼ਾ ਸਿੰਗਲਾ, ਡਾਕਟਰ ਰਿਪਲ ਬਾਂਸਲ, ਡਾਕਟਰ ਮੀਤਾ ਚਾਟਲੇ ਨੇ ਬੱਚਿਆਂ ਦੇ ਦੰਦਾਂ ਦਾ ਚੈੱਕਅਪ ਕਰ ਕੇ ਉਹਨਾਂ ਨੂੰ ਦੰਦਾਂ ਦੀ ਸਾਂਭ ਸੰਭਾਲ ਕਰਨ ਬਾਰੇ ਦੱਸਿਆ। ਜਿਹੜੇ ਵਿਦਿਆਰਥੀਆ ਦੇ ਦੰਦ ਖਰਾਬ ਸਨ, ਉਹਨਾਂ ਨੂੰ ਮੁਫਤ ਇਲਾਜ ਕਰਵਾਉਣ ਲਈ ਕਲੀਨਿਕ ਵਿਚ ਆਉਣ ਲਈ ਕਿਹਾ। ਉਹਨਾਂ ਨੇ ਬੱਚਿਆਂ ਨੂੰ ਆਪਣੇ ਅਨੋਖੇ ਅੰਦਾਜ਼ ਨਾਲ ਦੰਦਾਂ ਅਤੇ ਸਿਹਤ ਸੰਭਾਲ ਲਈ ਪ੍ਰੇਰਿਤ ਕੀਤਾ। ਸਮਾਇਲ ਵੋਮੈਨ ਫਾਊਂਡੇਸ਼ਨ ਮੋਗਾ ਦੇ ਚੈਅਰਪਰਸਨ ਡਾ ਨੀਨਾ ਗਰਗ ਵਲੋਂ ਵਿਦਿਆਰਥੀਆ ਨੂੰ ਸਾਫ-ਸਫਾਈ ਦੀਆਂ ਆਦਤਾਂ ਬਾਰੇ ਦੱਸਿਆ, ਆਪਣੇ ਦਿਲਚਸਪ ਅੰਦਾਜ਼ ਨਾਲ ਉਹਨਾਂ ਨੇ ਬੱਚਿਆਂ ਤੋਂ ਸਫਾਈ ਨਾਲ ਸੰਬੰਧਿਤ ਕੁਝ ਪ੍ਰਸ਼ਨ ਵੀ ਪੁੱਛੇ ਜਿਹਨਾਂ ਦੇ ਜਵਾਬ ਵਿਦਿਆਰਥੀਆ ਨੇ ਬੜੀ ਕੁਸ਼ਲਤਾ ਨਾਲ ਦਿੱਤੇ। ਸਮਾਇਲ ਵੋਮੈਨ ਫਾਊਂਡੇਸ਼ਨ ਮੋਗਾ ਦੇ ਸਹਿਯੋਗ ਨਾਲ ਸਾਰੇ ਸਕੂਲ ਦੇ 350 ਦੇ ਕਰੀਬ ਵਿਦਿਆਰਥੀਆ ਨੂੰ ਦੰਦ ਸਾਫ ਕਰਨ ਲਈ ਬੁਰਸ਼,ਪੇਸਟ ਦਿੱਤੇ ਗਏ। ਸਕੂਲ ਇੰਚਾਰਜ ਗੁਰਜੀਤ ਕੌਰ ਨੇ ਡਾਕਟਰਾਂ ਅਤੇ ਐਨ.




ਜੀ. ਓ ਦੇ ਸਾਰੇ ਮੈਂਬਰ ਦਾ ਧੰਨਵਾਦ ਕੀਤਾ ਜੋ ਕਿ ਆਪਣਾ ਕੀਮਤੀ ਸਮਾਂ ਕੱਢ ਕੇ ਬੱਚਿਆਂ ਨੂੰ ਸਿਹਤ ਪ੍ਰਤੀ ਜਾਗਰੂਕ ਕਰਨ ਲਈ ਆਏ। ਇਸ ਕੈਂਪ ਵਿੱਚ ਪਿੰਡ ਦੇ ਸਰਕਾਰ ਪੱਤੀ ਦੇ ਸਰਪੰਚ ਕਰਮਜੀਤ ਕੌਰ ਅਤੇ ਐੱਸ ਐਮ ਸੀ ਕਮੇਟੀ ਦੇ ਚੈਅਰਮੈਨ ਸਰਬਜੀਤ ਕੌਰ ਨੇ ਵੀ ਸ਼ਿਰਕਤ ਕੀਤੀ।

ਅੰਤ ਵਿੱਚ ਸਰਪੰਚ, ਡਾਕਟਰਾਂ ਤੇ ਐਨ ਜੀ ਓ ਦੇ ਸਾਰੇ ਮੈਂਬਰਾਂ ਨੂੰ ਬੂਟੇ ਅਤੇ ਮਿਸ਼ਨ ਤੰਦਰੁਸਤ ਦੀ ਟਰਾਫੀ ਦੇ ਕੇ ਸਨਮਾਨਤ ਕੀਤਾ ਗਿਆ। ਪ੍ਰੋਗਰਾਮ ਦੇ ਆਖਿਰ ਵਿਚ ਬੱਚਿਆਂ ਨੂੰ ਖਾਣ ਲਈ ਬਿਸਕੁਟ ਵੀ ਦਿੱਤੇ ਗਏ।ਇਸ ਸਾਰੇ ਪ੍ਰੋਗਰਾਮ ਨੂੰ ਮਿਸ਼ਨ ਤੰਦਰੁਸਤ ਨੋਡਲ ਇੰਚਾਰਜ ਨੀਲਮ ਰਾਣੀ ਅਤੇ ਮਿਸ਼ਨ ਤੰਦਰੁਸਤ ਦੇ ਟੀਮ ਮੈਂਬਰ ਲੈਕਚਰਾਰ ਜਤਿੰਦਰਪਾਲ ਸਿੰਘ, ਹਰਜੀਤ ਕੌਰ, ਪਲਕ ਗੁਪਤਾ, ਗੁਰਦੀਪ ਸਿੰਘ ਅਤੇ ਸਾਰੇ ਹੀ ਸਟਾਫ ਦੇ ਸਹਿਯੋਗ ਨਾਲ ਬਹੁਤ ਅੱਛੇ ਤਰੀਕੇ ਨਾਲ ਸੰਪੰਨ ਕੀਤਾ ਗਿਆ। ਨੀਲਮ ਰਾਣੀ ਤੇ ਵਿਦਿਆਰਥੀਆਂ ਵੱਲੋਂ ਮਿਸ਼ਨ ਤੰਦਰੁਸਤ ਦੀ ਬਣਾਈ ਰੰਗੋਲੀ ਖਿੱਚ ਦਾ ਕੇਂਦਰ ਰਹੀ।

# ਭਲਕੇ ਮਾਲੇਰਕੋਟਲਾ ਵਿਖੇ ਲੱਗੇਗੀ ਕੌਮੀ ਲੋਕ ਅਦਾਲਤ - ਰੂਪਾ ਧਾਲੀਵਾਲ

ਮਾਲੇਰਕੋਟਲਾ, (ਕਿਮੀ ਅਰੋੜਾ,ਅਸਲਮ ਨਾਜ਼) ਪੰਜਾਬ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਚੇਅਰਪਰਸਨ ਕਮ ਜ਼ਿਲ੍ਹਾ ਅਤੇ ਸੈਸ਼ਨ ਜੱਜ-ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸੰਗਰੂਰ ਅਤੇ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਰਹਿਨੁਮਾਈ ਹੇਠ ਸਬ ਡਵੀਜਨ ਮਾਲੇਰਕੋਟਲਾ ਅਧੀਨ ਸਮੂਹ ਨਿਆਇਕ ਅਦਾਲਤ ਵੱਲੋਂ ਕੇਸਾਂ ਦੇ ਨਿਪਟਾਰੇ ਲਈ ਭਲਕੇ 14 ਦਸੰਬਰ ਦਿਨ ਸਨੀਵਾਰ ਨੂੰ ਜ਼ਿਲ੍ਹਾ ਮਾਲੇਰਕੋਟਲਾ ਵਿਖੇ ਕੌਮੀ ਲੋਕ ਅਦਾਲਤ ਦਾ ਆਯੋਜਨ ਕੀਤਾ ਜਾ ਰਿਹਾ ਹੈ । ਇਸ ਗੱਲ ਦੀ ਜਾਣਕਾਰੀ ਐਡੀਸ਼ਨਲ ਸਿਵਲ ਜੱਜ ਸੀਨੀਅਰ ਡਵੀਜ਼ਨ ਕਮ ਚੇਅਰਪਰਸਨ ਸਬ ਡਵੀਜ਼ਨ ਲੀਗਲ ਸਰਵਿਸ ਅਥਾਰਟੀ ਮਾਲੇਰਕੋਟਲਾ ਸ੍ਰੀਮਤੀ ਰੂਪਾ ਧਾਲੀਵਾਲ ਨੇ ਦਿੱਤੀ।



ਉਨ੍ਹਾਂ ਦੱਸਿਆ ਕਿ ਕੌਮੀ ਲੋਕ ਅਦਾਲਤ ਅਧੀਨ ਚਾਰ ਬੈਂਚ ਕੋਰਟ ਕੰਪਲੈਕਸ ਵਿਖੇ ਐਡੀਸ਼ਨਲ ਜ਼ਿਲ੍ਹਾ ਤੇ ਸੈਸਨ ਜੱਜ-1 ਸ੍ਰੀ ਕੰਵਲਜੀਤ ਸਿੰਘ, ਸਿਵਲ ਜੱਜ ਸੀਨੀਅਰ ਡਵੀਜ਼ਨ ਸ੍ਰੀਮਤੀ ਰੂਪਾ ਧਾਲੀਵਾਲ, ਵਧੀਕ ਸਿਵਲ ਜੱਜ ਜੂਨੀਅਰ ਡਵੀਜ਼ਨ ਸ੍ਰੀ ਵਿਸਵ ਗੁਪਤਾ, ਸਿਵਲ ਜੱਜ ਜੂਨੀਅਰ ਡਵੀਜਨ ਅਕਿੰਤਾ ਲੂੰਬਾ ਅਧੀਨ ਲੋਕਾਂ ਦੀ ਸਹੂਲਤ ਲਈ ਸਥਾਪਿਤ ਕੀਤੇ ਜਾਣਗੇ । ਇਸ ਤੋਂ ਇਲਾਵਾ ਸਮੂਹ ਤਹਿਸੀਲ ਦਫ਼ਤਰਾਂ ਵਿਖੇ ਵੀ ਆਮ ਜਨਤਾ ਦੀ ਸਹੂਲਤ ਲਈ ਬੈਂਚ ਸਥਾਪਿਤ ਕੀਤੇ ਜਾਣਗੇ । ਲੋਕ-ਅਦਾਲਤਾਂ ਦੇ ਫ਼ਾਇਦੇ ਦੱਸਿਆ ਉਨ੍ਹਾਂ ਕਿਹਾ ਕਿ ਲੋਕ ਅਦਾਲਤਾਂ ਵਿੱਚ ਛੇਤੀ ਤੇ ਨਿਆਂ ਮਿਲਦਾ ਹੈ, ਇਸ ਦੇ ਫ਼ੈਸਲੇ ਨੂੰ ਦੀਵਾਨੀ ਕੋਰਟ ਦੀ ਡਿਕਰੀ ਦੀ ਮਾਨਤਾ ਪ੍ਰਾਪਤ ਹੈ, ਇਸ ਦੇ ਫ਼ੈਸਲੇ ਖ਼ਿਲਾਫ਼ ਕੋਈ ਅਪੀਲ ਨਹੀਂ ਹੁੰਦੀ, ਇਸ ਵਿੱਚ ਫ਼ੈਸਲਾ ਆਪਸੀ ਸਹਿਮਤੀ ਅਤੇ ਰਜ਼ਾਮੰਦੀ ਨਾਲ ਕਰਵਾਇਆ ਜਾਂਦਾ ਹੈ, ਲੋਕ ਅਦਾਲਤ ਵਿੱਚ ਫ਼ੈਸਲਾ ਹੋਣ ਉਪਰੰਤ ਕੇਸ ਵਿੱਚ ਲੱਗੀ ਸਾਰੀ ਕੋਰਟ ਫ਼ੀਸ ਵੀ ਵਾਪਸ ਮਿਲ ਜਾਂਦੀ ਹੈ, ਇਸ ਦੇ ਫ਼ੈਸਲੇ ਅੰਤਿਮ ਹੁੰਦੇ ਹਨ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਲੋਕ ਅਦਾਲਤ ਦਾ ਵੱਧ ਤੋਂ ਵੱਧ ਲਾਭ ਲੈਣ।

# ਹਰ ਚੀਜ਼ ਤੇ ਇਕੱਠਾ ਕੀਤਾ ਗਊ ਸੈੱਸ ਕਿੱਥੇ ਜਾਂਦਾ ਹੈ: ਰਮਨ ਸ਼ਰਮਾ



ਫਗਵਾੜਾ (ਸੁਸ਼ੀਲ ਸ਼ਰਮਾ) ਸ਼ਿਵ ਸੈਨਾ (ਯੂ.ਬੀ.ਟੀ.) ਦੇ ਸ਼ਹਿਰੀ ਪ੍ਰਧਾਨ ਰਮਨ ਸ਼ਰਮਾ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਸੜਕਾਂ ਤੇ ਬੇਸਹਾਰਾ ਦਿਖਾਈ ਦੇਣ ਵਾਲੀਆਂ ਗਾਵਾਂ ਦੀ ਦੁਰਦਸ਼ਾ ਨੂੰ ਲੈ ਕੇ ਸਿੱਧਾ ਸਵਾਲ ਕੀਤਾ ਹੈ ਅਤੇ ਪੁੱਛਿਆ ਹੈ ਕਿ ਲਗਭਗ ਹਰ ਆਯਾਤ ਸਾਮਾਨ ਤੇ ਗਊ ਸੈੱਸ ਕਿੱਥੋਂ ਲਿਆ ਜਾਂਦਾ ਹੈ। ਖਰਚ ਕੀਤਾ ਜਾ ਰਿਹਾ ਹੈ ? ਉਨ੍ਹਾਂ ਕਿਹਾ ਕਿ ਕਿਸੇ ਵੀ ਸ਼ਹਿਰ ਵਿੱਚ ਅਕਸਰ ਗਊਆਂ ਮੁੱਖ ਸੜਕਾਂ ਦੇ ਵਿਚਕਾਰ, ਕੂੜੇ ਦੇ ਢੇਰਾਂ ਤੇ ਜਾਂ ਭੋਜਨ ਦੀ ਭਾਲ ਵਿੱਚ ਇਧਰ-ਉਧਰ ਭਟਕਦੀਆਂ ਵੇਖੀਆਂ ਜਾ ਸਕਦੀਆਂ ਹਨ। ਗਊ ਰੱਖਿਅਕਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਸਰਕਾਰ ਵੱਲੋਂ ਕੋਈ ਮਦਦ ਨਹੀਂ ਮਿਲਦੀ, ਜਿਸ ਕਾਰਨ ਉਹ ਬੇਸਹਾਰਾ ਗਾਵਾਂ ਲਈ ਚਾਰੇ ਆਦਿ ਦਾ ਯੋਗ ਪ੍ਰਬੰਧ ਕਰਨ ਤੋਂ ਅਸਮਰੱਥ ਹਨ। ਦੁਧਾਰੂ ਗਊਆਂ ਹੋਣ ਕਾਰਨ ਉਹ ਗਊਸ਼ਾਲਾ ਚਲਾਉਣ ਦੇ ਸਮਰੱਥ ਹਨ, ਜਦਕਿ ਦੂਜੇ ਪਾਸੇ ਪੰਜਾਬ ਸਰਕਾਰ ਗਊ ਸੈੱਸ ਦੇ ਨਾਂ ਤੇ ਰੋਜ਼ਾਨਾ ਕਰੋੜਾਂ ਰੁਪਏ ਦੀ ਵਸੂਲੀ ਕਰ ਰਹੀ ਹੈ। ਸ਼ਿਵ ਸੈਨਾ ਆਗੂ ਨੇ ਕਿਹਾ ਕਿ ਇਹ ਸਰਦੀਆਂ ਦਾ ਮੌਸਮ ਹੈ ਅਤੇ ਸਨਾਤਨ ਹਿੰਦੂ ਸਮਾਜ ਵਿੱਚ ਮਾਤਾ ਗਊ ਨੂੰ ਮਾਂ ਵਾਂਗ ਸਤਿਕਾਰਿਆ ਜਾਂਦਾ ਹੈ ਅਤੇ ਗਊ ਸੰਤਾਨ ਦੀ ਹੋ ਰਹੀ ਬੇਅਦਬੀ ਲਈ ਰਾਜ ਸਰਕਾਰ ਸਿੱਧੇ ਤੌਰ ਤੇ ਜ਼ਿੰਮੇਵਾਰ ਹੈ ਜਿਸ ਵਿੱਚ 33 ਕਰੋੜ ਦੇਵੀ-ਦੇਵਤਿਆਂ ਦੀ ਦਾ ਰਹਿਣ ਵਾਲਾ ਮੰਨਿਆ ਜਾਂਦਾ ਹੈ। ਉਨ੍ਹਾਂ ਮੰਗ ਕੀਤੀ ਕਿ ਜਾਂ ਤਾਂ ਸਰਕਾਰ ਗਊਆਂ ਦੇ ਨਾਂ 'ਤੇ ਸੈੱਸ ਲੈਣਾ ਬੰਦ ਕਰੇ ਜਾਂ ਫਿਰ ਇਸ ਦੀ ਸਹੀ ਵਰਤੋਂ ਕੀਤੀ ਜਾਵੇ ਅਤੇ ਬੇਸਹਾਰਾ ਗਾਵਾਂ ਦੀ ਸੰਭਾਲ ਲਈ ਯੋਗ ਪ੍ਰਬੰਧ ਕੀਤੇ ਜਾਣ। ਜੇਕਰ ਸਰਕਾਰ ਨਾ ਜਾਗੀ ਤਾਂ ਸ਼ਿਵ ਸੈਨਾ (ਯੂਬੀਟੀ) ਸੰਘਰਸ਼ ਦੀ ਰੂਪ-ਰੇਖਾ ਤਿਆਰ ਕਰੇਗੀ।

# ਪਿੰਡ ਵਜੀਦੋਵਾਲ ਵਿਖੇ ਗ੍ਰਾਮ ਪੰਚਾਇਤ ਨੇ ਦਾਨੀ ਸੱਜਣਾਂ ਦੇ ਸਹਿਯੋਗ ਨਾਲ 26 ਲੋੜਵੰਦ ਪਰਿਵਾਰਾਂ ਨੂੰ ਆਟੇ ਦੀਆਂ ਥੈਲੀਆਂ ਵੰਡੀਆਂ

ਫ਼ਗਵਾੜਾ( ਸੁਸ਼ੀਲ ਸ਼ਰਮਾ ) ਪਿੰਡ ਵਜੀਦੋਵਾਲ ਵਿਖੇ ਗ੍ਰਾਮ ਪੰਚਾਇਤ ਨੇ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਪਿੰਡ ਦੇ ਕਰੀਬ 26 ਲੋੜਵੰਦ ਪਰਿਵਾਰਾਂ ਨੂੰ ਆਟੇ ਦੀਆਂ ਥੈਲੀਆਂ ਵੰਡੀਆਂ ਗਈਆਂ । ਇਸ ਮੌਕੇ ਗੱਲਬਾਤ ਕਰਦਿਆਂ ਸਰਪੰਚ ਰਿੰਪਲ ਕੁਮਾਰ ਨੇ ਦੱਸਿਆ ਕਿ ਪਿੰਡ ਦੀ ਨਵੀਂ ਬਣੀ ਪੰਚਾਇਤ ਵਲੋਂ ਸਮੂਹ ਨਗਰ ਨਿਵਾਸੀਆਂ ਨੂੰ ਕਿਸੇ ਤਰ੍ਹਾਂ ਦੀ ਕੋਈ ਵੀ ਮੁਸ਼ਕਿਲ ਨਹੀਂ ਆਉਣ ਦਿੱਤੀ ਜਾਵੇਗੀ । ਉਹਨਾਂ ਕਿਹਾ ਅੱਜ ਕਰੀਬ 26 ਲੋੜਵੰਦ ਪਰਿਵਾਰਾਂ ਨੂੰ ਆਟੇ ਦੀਆਂ ਥੈਲੀਆਂ ਵੰਡੀਆਂ ਗਈਆਂ ਹਨ ਕਿਉਕਿ ਜ਼ਿਆਦਾਤਰ ਪਰਿਵਾਰਾਂ ਦੇ ਨੀਲੇ ਕਾਰਡ ਕੱਟੇ ਹੋਏ ਹਨ ਤੇ ਉਹ ਉਕਤ ਲਾਭ ਲੈਣ ਵਿੱਚ ਅਸਮੱਰਥ ਹਨ । ਉਹਨਾਂ ਕਿਹਾ ਕਿ ਜਿਹਨਾਂ ਲੋੜਵੰਦ ਪਰਿਵਾਰਾਂ ਦੇ ਉਕਤ ਕਾਰਡ ਨਹੀ ਬਣੇ ਉਸ ਸੰਬੰਧੀ ਜਲਦੀ ਹੀ ਫੂਡ ਸਪਲਾਈ ਵਿਭਾਗ ਨੂੰ ਜਾਣੂ ਕਰਵਾਇਆ ਜਾਵੇਗਾ ਤਾਂ ਜ਼ੋ ਉਕਤ ਪਰਿਵਾਰਾਂ ਨੂੰ ਵੀ ਸਰਕਾਰੀ ਸਕੀਮ ਦਾ ਲਾਭ ਮਿਲ ਸਕੇ ਅਤੇ ਕੋਈ ਵੀ ਪਰਿਵਾਰ ਆਟਾ ਦਾਲ ਸਕੀਮ ਤੋਂ ਵਾਂਝਾ ਨਾ ਰਹੇ । ਉਹਨਾਂ ਸਮੂਹ ਨਗਰ ਨਿਵਾਸੀਆਂ ਨੂੰ ਵਿਸ਼ਵਾਸ਼ ਦਿਵਾਇਆ ਕਿ ਪਿੰਡ ਦੀ ਭਲਾਈ ਲਈ ਉਹ ਵਚਨਵੰਦ ਹਨ



ਅਤੇ ਸਰਕਾਰੀ ਸਕੀਮਾਂ ਵੱਧ ਤੋਂ ਵੱਧ ਲਿਆਉਣਗੇ ਤਾਂ ਜੋ ਪਿੰਡ ਦਾ ਸਰਪੱਖੀ ਵਿਕਾਸ ਕੀਤਾ ਜਾ ਸਕੇ । ਅਖੀਰ ਵਿੱਚ ਸਮੂਹ ਨਗਰ ਨਿਵਾਸੀਆਂ ਵਲੋਂ ਪੰਚਾਇਤ ਅਤੇ ਦਾਨੀ ਸੱਜਣਾਂ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ ਗਈ । ਇਸ ਮੌਕੇ ਲੰਬੜਦਾਰ ਸਤੀਸ਼ ਕੁਮਾਰ. ਪੰਚਾਇਤ ਮੈਂਬਰ ਅਸ਼ੋਕ ਕੁਮਾਰ.ਸੰਜੀਵ ਕੁਮਾਰ. ਰਿਟਾ. ਇੰਸੈਕਟਰ ਰਮਨ ਕੁਮਾਰ,ਰਵੀ ਦੱਤ ,ਰਾਜ ਕੁਮਾਰ ,ਬਲਰਾਮ ਕੁਮਾਰ, ਗੌਰਵ ਸ਼ਰਮਾਂ ਸਾਬਕਾ ਪੰਚ, ਬਲਿਹਾਰ ਚੰਦ, ਲਾਲ ਚੰਦ, ਚੰਦਨ ਮੋਹਨ, ਹੈਪੀ ਢੰਡਾ ,ਸ਼ਾਮ ਲਾਲ ,ਬਿੰਦਰ, ਭੁਪਿੰਦਰ ਅਤੇ ਬੀਬੀ ਸ਼ਿੰਦੋ ਆਦਿ ਵੀ ਹਾਜਰ ਸਨ ।

# ਸਾਰੇ ਵਿਸ਼ਿਆਂ ਦਾ ਦੋ ਰੋਜਾ ਮੇਲਾ ਲਗਾਇਆ ਗਿਆ



ਸ਼ੇਰਪੁਰ , (ਲੋਕ ਬਾਣੀ) - ਪੀ.ਐਮ.ਸ਼੍ਰੀ ਸਰਕਾਰੀ ਹਾਈ ਸਕੂਲ ਈਨਾ ਬਾਜਵਾ ਵਿਖੇ ਵਿਭਾਗ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਵੱਖ -ਵੱਖ ਵਿਸ਼ਿਆਂ ਦਾ ਦੋ ਰੋਜਾ ਮੇਲਾ ਲਗਾਇਆ ਗਿਆ । ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਕੂਲ ਮੁਖੀ ਸ੍ਰੀ ਮਹਿੰਦਰ ਪ੍ਰਤਾਪ ਨੇ ਦੱਸਿਆ ਕਿ ਪੰਜਾਬੀ, ਹਿੰਦੀ, ਅੰਗਰੇਜ਼ੀ, ਸਮਾਜਿਕ ਵਿਗਿਆਨ, ਸਾਇੰਸ ,ਗਣਿਤ, ਕੰਪਿਊਟਰ ਸਾਇੰਸ ਅਤੇ ਸਰੀਰ ਸਿੱਖਿਆ ਵਿਸ਼ਿਆਂ ਨਾਲ ਸੰਬੰਧਿਤ ਚਾਰਟ ,ਮਾਡਲ (ਸਟਿਲ ਅਤੇ ਵਰਕਿੰਗ),ਸੱਭਿਆਚਾਰਕ ਆਇਟਮਜ਼ ਅਧਿਆਪਕ ਸਾਹਿਬਾਨਾਂ ਵੱਲੋਂ ਬਹੁਤ ਹੀ ਵਧੀਆ ਢੰਗ ਨਾਲ ਤਿਆਰ ਕਰਵਾਈਆਂ ਗਈਆਂ ਅਤੇ ਬੱਚਿਆਂ ਨੇ ਉਹਨਾਂ ਦੀ ਵਿਆਖਿਆ ਆਏ ਹੋਏ ਮਹਿਮਾਨਾਂ ਅਤੇ ਮਾਪਿਆਂ ਸਾਹਮਣੇ ਬਾਖ਼ੂਬੀ ਕੀਤੀ। ਮੇਲੇ ਦੀ ਸ਼ੁਰੂਆਤ ਸਰਪੰਚ ਸ੍ਰੀਮਤੀ ਜਸਪਾਲ ਕੌਰ ਨੇ ਕੀਤੀ ਉਹਨਾਂ ਦੇ ਨਾਲ ਐਸ.ਐਮ.ਸੀ. ਕਮੇਟੀ ਦੇ ਮੈਂਬਰ ਅਤੇ ਹੋਰ ਬੱਚਿਆਂ ਦੇ ਮਾਪੇ ਵੀ ਹਾਜ਼ਰ ਸਨ। ਇਸ ਮੌਕੇ ਐਸ.ਐਮ.ਸੀ. ਕਮੇਟੀ ਦੇ ਚੇਅਰਮੈਨ ਸ. ਪਰਗਟ ਸਿੰਘ ਵਿਸ਼ੇਸ਼ ਤੌਰ ਤੇ ਪਹੁੰਚੇ। ਇਸ ਤੋਂ ਇਲਾਵਾ ਸਰਕਾਰੀ ਪ੍ਰਾਇਮਰੀ ਸਕੂਲ ਦੇ ਮੁਖੀ ਸ. ਸੁਖਜਿੰਦਰ ਜੀਤ ਸਿੰਘ ਅਤੇ ਹਰਪ੍ਰੀਤ ਸਿੰਘ ਨੇ ਵੀ ਮੇਲੇ ਵਿੱਚ ਸ਼ਿਰਕਤ ਕੀਤੀ। ਬੱਚਿਆਂ ਵੱਲੋਂ ਪੰਜਾਬੀ ਅਤੇ ਹਿੰਦੀ ਦੇ ਨਾਟਕ ਵੀ ਪੇਸ਼ ਕੀਤੇ ਗਏ। ਹਾਜ਼ਰ ਮਹਿਮਾਨਾਂ ਅਤੇ ਮਾਪਿਆਂ ਨੇ ਮੇਲੇ ਦਾ ਖ਼ੂਬ ਆਨੰਦ ਮਾਣਿਆ ਅਤੇ ਬੱਚਿਆਂ ਤੇ ਅਧਿਆਪਕ ਸਹਿਬਾਨਾਂ ਦੀ ਮਿਹਨਤ ਦੀ ਪ੍ਰਸ਼ੰਸਾ ਕੀਤੀ। ਇਸ ਮੌਕੇ ਸਰਵ ਸ਼੍ਰੀ/ਸ਼੍ਰੀਮਤੀ ਸੁਰਿੰਦਰ ਸਿੰਘ (ਹਿੰਦੀ), ਅਵਤਾਰ ਸਿੰਘ (ਪੰਜਾਬੀ ),ਜਤਿੰਦਰ ਸਿੰਘ ਅਤੇ ਹਰਪ੍ਰੀਤ ਸਿੰਘ (ਸਾਇੰਸ ),ਪ੍ਰਦੀਪ ਸਿੰਘ (ਮੈਥ), ਅੰਮ੍ਰਿਤ ਪਾਲ ਸਿੰਘ ਡੀਪੀਈ, ਕਿਰਨਦੀਪ ਸਿੰਘ ਕੰਪਿਊਟਰ ਅਧਿਆਪਕ , ਵੀਰਪਾਲ ਕੌਰ ਅਤੇ ਕਮਲਫੂਲ ਕੌਰ( ਅੰਗਰੇਜ਼ੀ), ਗਗਨਦੀਪ ਕੌਰ ਅਤੇ ਦੀਪਿਕਾ ਰਾਣੀ (ਗਣਿਤ ), ਬੀਰਪਾਲ ਕੌਰ (ਪੰਜਾਬੀ), ਗੁਰਵਿੰਦਰ ਕੌਰ (ਸਮਾਜਿਕ ਵਿਗਿਆਨ ) ਹਾਜ਼ਿਰ ਸਨ।

# ਮੁੰਬਈ 'ਚ ਡਾ. ਅੰਬੇਡਕਰ ਸਮਾਰਕ ਦੀ ਭੰਨ-ਤੋੜ ਕਰਨ ਵਾਲਿਆਂ ਨੂੰ ਮਿਲੇ ਸਖ਼ਤ ਸਜਾ - ਸੁਰਿੰਦਰ ਢੰਡਾ

ਫਗਵਾੜਾ ( ਸੁਸ਼ੀਲ ਸ਼ਰਮਾ ) ਅੰਬੇਡਕਰ ਸੈਨਾ ਪੰਜਾਬ ਨੇ ਮੁੰਬਈ ਵਿਖੇ ਕੁੱਝ ਸ਼ਰਾਰਤੀ ਅਨਸਰਾਂ ਵਲੋਂ ਭਾਰਤੀ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾ. ਅੰਬੇਡਕਰ ਦੇ ਸਮਾਰਕ ਦੀ ਕੀਤੀ ਭਨ-ਤੋੜ ਦੇ ਮਾਮਲੇ 'ਚ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਦੀ ਮੰਗ ਕਰਦਿਆਂ ਅੱਜ ਰਾਸ਼ਟਰਪਤੀ ਦੇ ਨਾਮ ਇਕ ਮੰਗ ਪੱਤਰ ਐਸ.ਡੀ.ਐਮ. ਫਗਵਾੜਾ ਜਸ਼ਨਜੀਤ ਸਿੰਘ ਨੂੰ ਦਿੱਤਾ। ਇਸ ਮੌਕੇ ਗੱਲਬਾਤ ਕਰਦਿਆਂ ਅੰਬੇਡਕਰ ਸੈਨਾ ਪੰਜਾਬ ਦੇ ਪ੍ਰਧਾਨ ਸੁਰਿੰਦਰ ਢੰਡਾ ਨੇ ਦੱਸਿਆ ਕਿ ਪਿਛਲੇ ਦਿਨੀ ਮਹਾਰਾਸ਼ਟਰ ਦੀ ਰਾਜਧਾਨੀ ਮੁੰਬਈ ਵਿੱਚ ਸਮਾਜ ਵਿਰੋਧੀ ਅਨਸਰਾਂ ਵੱਲੋਂ ਭਾਰਤ ਰਤਨ ਡਾ. ਬੀ.ਆਰ. ਅੰਬੇਡਕਰ ਦੇ ਸਮਾਰਕ ਦੀ ਭੰਨ-ਤੋੜ ਕੀਤੀ ਗਈ। ਜਿਸ ਨੂੰ ਲੈ ਕੇ ਬਾਬਾ ਸਾਹਿਬ ਨੂੰ ਰਹਿਬਰ ਮੰਨਣ ਵਾਲੇ ਉਹਨਾਂ ਦੇ ਦੇਸ਼ ਦੁਨੀਆ ਵਿਚ ਵੱਸਦੇ ਕਰੋੜਾਂ ਪੈਰੋਕਾਰਾਂ ਦੀਆਂ ਭਾਵਨਾਵਾਂ ਨੂੰ ਠੇਸ ਪੁੱਜੀ ਹੈ ਅਤੇ ਸਮਾਜ ਵਿਚ ਭਾਰੀ ਗੁੱਸਾ ਅਤੇ ਰੋਸ ਹੈ। ਇਸ ਲਈ ਅੰਬੇਡਕਰ ਸੈਨਾ ਪੰਜਾਬ ਵਲੋਂ ਭਾਰਤ ਦੇ ਰਾਸ਼ਟਰਪਤੀ ਸ਼੍ਰੀਮਤੀ ਦ੍ਰੋਪਦੀ ਮੁਰਮੂ ਦੇ ਨਾਮ ਐਸ.ਡੀ.ਐਮ. ਫਗਵਾੜਾ ਨੂੰ ਮੰਗ ਪੱਤਰ ਦਿੱਤਾ ਗਿਆ



ਹੈ। ਉਹਨਾਂ ਭਰੋਸਾ ਜਤਾਇਆ ਕਿ ਰਾਸ਼ਟਰਪਤੀ ਜੋ ਕਿ ਖੁਦ ਐਸ.ਟੀ. ਸਮਾਜ ਵਿਚੋਂ ਆਉਂਦੇ ਹਨ, ਉਹ ਬਾਬਾ ਸਾਹਿਬ ਦੇ ਪੈਰੋਕਾਰਾਂ ਦੀਆਂ ਭਾਵਨਾਵਾਂ ਨੂੰ ਧਿਆਨ ਵਿਚ ਰੱਖਦੇ ਹੋਏ ਯਕੀਨੀ ਤੌਰ ਤੇ ਦੋਸ਼ੀਆਂ ਨੂੰ ਲਈ ਸਖਤ ਸਜਾ ਯਕੀਨੀ ਬਨਾਉਣਗੇ ਤਾਂ ਜੋ ਭਵਿੱਖ 'ਚ ਅਜਿਹੀ ਮੰਦਭਾਗੀ ਘਟਨਾ ਨਾ ਹੋਵੇ। ਇਸ ਮੌਕੇ ਬਲਵਿੰਦਰ ਬੋਬੀ, ਸੁਰਿੰਦਰ ਰਾਵਲਪਿੰਡੀ, ਨਰਿੰਦਰ ਬਿੱਲਾ ਸਰਪੰਚ, ਅਸ਼ੋਕ ਸੰਧੂ, ਰਾਮ ਸਰੂਪ ਚੰਬਾ, ਐਡਵੋਕੇਟ ਕੁਲਦੀਪ ਭੱਟੀ, ਪਰਸ ਰਾਮ, ਡਾ. ਸੁਰਜੀਤ ਆਦਿ ਹਾਜਰ ਸਨ।

# ਜੰਗਲਾਤ ਵਰਕਰਜ਼ ਯੂਨੀਅਨ ਪੰਜਾਬ ਨੇ ਜਥੇਬੰਦਕ ਚੋਣਾਂ ਦਾ ਉਲੀਕਿਆ ਪ੍ਰੋਗਰਾਮ

ਫ਼ਗਵਾੜਾ ( ਸੁਸ਼ੀਲ ਸ਼ਰਮਾ )
ਜੰਗਲਾਤ ਵਰਕਰਜ਼ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਅਮਰੀਕ ਸਿੰਘ ਗੜ੍ਹਸ਼ੰਕਰ ਅਤੇ ਸਕੱਤਰ ਜਸਵੀਰ ਸਿੰਘ ਸੀਰਾ ਦੀ ਪ੍ਰਧਾਨਗੀ ਹੇਠ ਪਿਛਲੇ ਦਿਨੀਂ ਸੂਬਾ ਕਮੇਟੀ ਦੀ ਮੀਟਿੰਗ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਮੀਟਿੰਗ ਕੀਤੀ ਗਈ, ਜਿਸ ਵਿੱਚ ਜਥੇਬੰਦੀ ਨੂੰ ਮਜ਼ਬੂਤ ਕਰਨ ਲਈ ਪੂਰੇ ਪੰਜਾਬ ਵਿੱਚ ਜੰਗਲਾਤ ਵਰਕਰਜ਼ ਯੂਨੀਅਨ ਪੰਜਾਬ ਦੀਆਂ ਜਥੇਬੰਦਕ ਚੋਣਾਂ ਕਰਵਾਉਣ ਦਾ ਫ਼ੈਸਲਾ ਕਰਦੇ ਹੋਏ 31 ਦਸੰਬਰ 2024
ਤੱਕ *ਰੇਂਜਾ ਦੀਆਂ ਚੋਣਾਂ*,01 ਜਨਵਰੀ 20 25 ਤੋਂ 31 ਜਨਵਰੀ 2025 ਤੱਕ *ਮੰਡਲਾਂ ਦੀਆਂ ਚੋਣਾਂ* ਕੀਤੀਆਂ ਜਾਣਗੀਆਂ
,01 ਫਰਵਰੀ 2025 ਤੋਂ 20 ਫਰਵਰੀ ਤੱਕ *ਸਰਕਲਾਂ ਦੀਆ ਚੋਣਾਂ* ਕਰਵਾਉਣ ਤੋਂ ਬਾਅਦ ਮਿਤੀ16 ਮਾਰਚ 2025 ਦਿਨ ਐਤਵਾਰ ਨੂੰ ਜ਼ਿਲ੍ਹਾ ਪਟਿਆਲਾ ਵਿਖੈ ਸੂਬਾ ਚੋਣ ਅਜਲਾਸ ਕੀਤਾ ਜਾਵੇਗਾ ,ਦਾ ਫੈਸਲਾ ਸਰਬ ਸੰਮਤੀ ਨਾਲ ਕੀਤਾ ਗਿਆ ਸੀ। ਉਸ ਅਨੁਸਾਰ ਜੰਗਲਾਤ ਵਰਕਰਜ਼ ਯੂਨੀਅਨ ਪੰਜਾਬ ਦੀਆਂ ਜਥੇਬੰਦਕ ਚੋਣਾਂ ਕਰਵਾਉਣ ਦੀਆਂ ਸਰਗਰਮੀਆਂ ਪੂਰੀ ਜ਼ਿੰਮੇਵਾਰੀ ਨਾਲ ਚਲਾਈਆਂ ਜਾ ਰਹੀਆਂ ਹਨ। ਇਹਨਾਂ ਚੋਣਾਂ ਵਿੱਚ ਕੁੱਲ ਮੈਂਬਰਸ਼ਿਪ ਅਨੁਸਾਰ 15 ਸਾਥੀਆਂ



ਮਗਰ ਇੱਕ ਡੈਲੀਗੇਟ ਚੁਣਿਆ ਜਾਵੇਗਾ ਜ਼ੋ ਸੂਬਾ ਅਜਲਾਸ ਵਿੱਚ ਵਿੱਚ ਸ਼ਮੂਲੀਅਤ ਕਰਦੇ ਹੋਏ ਸੂਬਾਈ ਟੀਮ ਚੁਣਨ ਦੀ ਭੂਮਿਕਾ ਨਿਭਾਉਣਗੇ। ਬਿਆਨ ਜਾਰੀ ਕਰਨ ਸਮੇਂ ਵਿਰਸਾ ਸਿੰਘ ਚਹਿਲ, ਰਣਜੀਤ ਗੁਰਦਾਸਪੁਰ, ਜਸਵਿੰਦਰ ਸਿੰਘ ਸੋਜਾ ਪਟਿਆਲਾ, ਅਮਨਦੀਪ ਸਿੰਘ ਛੱਤਬੀੜ, ਮਲਕੀਤ ਮੁਕਤਸਰ, ਸਤਨਾਮ ਸੰਗਰੂਰ,ਰਵੀ ਕਾਂਤ ਰੋਪੜ,ਬੱਬੂ ਮਾਨਸਾ, ਬਲਵੀਰ ਤਰਨਤਾਰਨ, ਜਸਵਿੰਦਰ ਬਠਿੰਡਾ, ਕੁਲੀਸ਼ਨ ਜਲੰਧਰ, ਕੁਲਦੀਪ ਗੁਰਦਾਸਪੁਰ, ਕੇਵਲ ਗੜ੍ਹਸ਼ੰਕਰ, ਸੁਲੱਖਣ ਮੁਹਾਲੀ, ਸ਼ੇਰ ਸਿੰਘ ਸਰਹਿੰਦ,ਰਾਣਾ ਫਿਰੋਜ਼ਪੁਰ,ਰਵੀ ਲੁਧਿਆਣਾ, ਛਿੰਦਰਪਾਲ ਸਿੰਘ, ਜਸਪਾਲ ਹਰੀਕੇ ਪੱਤਣ,ਪਵਨ ਹੁਸ਼ਿਆਰਪੁਰ, ਸੁਖਦੇਵ ਸਿੰਘ ਜਲੰਧਰ, ਜਸਵਿੰਦਰ ਸੰਗਰੂਰ, ਭੁਪਿੰਦਰ ਦਸੂਹਾ, ਬੂਟਾ ਲੁਧਿਆਣਾ ਸੁਖਦੇਵ ਰੋਪੜ, ਗੁਰਵੀਰ ਫਿਰੋਜ਼ਪੁਰ ਆਦਿ ਜੁਝਾਰੂ ਸਾਥੀ ਹਾਜ਼ਰ ਸਨ।

ਰੋਜ਼ਾਨਾ ਲੋਕ ਬਾਣੀ www.lokbani

# ਐਡਵੋਕੇਟ ਸੁਖਰਾਜ ਥਾਪਰ ਪੰਜਾਬ ਦੇ ਲੀਗਲ ਐਡਵਾਈਜ਼ਰ ਨਿਯੁਕਤ




ਦੀਨਾਨਗਰ(ਲੋਕ ਬਾਣੀ) ਅੱਜ ਗੁਰੂ ਰਵਿਦਾਸ ਟਾਈਗਰ ਫੋਰਸ ਦੀ ਪੰਜਾਬ ਇਕਾਈ ਦੀ ਚੋਣ ਗੁਰੂ ਰਵਿਦਾਸ ਟਾਈਗਰ ਫੋਰਸ ਦੀ ਨੈਸ਼ਨਲ ਟੀਮ ਨੈਸ਼ਨਲ ਪ੍ਰਧਾਨ ਪ੍ਰੋਮੋਹਨ ਲਾਲ ਭਟੋਆ ,ਚੇਅਰਮੈਨ ਯਸ਼ ਬਰਨਾ ਅਤੇ ਪੰਜਾਬ ਪ੍ਰਧਾਨ ਜਸੀ ਤਲਹਣ ਵਲੋਂ ਕੀਤੀ ਗਈ ਅਤੇ ਨਿਯੁਕਤੀ ਪੱਤਰ ਵੰਡੇ ਗਏ।
ਨਵੇ ਚੁਣੇ ਗਏ ਅਹੁਦੇਦਾਰਾਂ ਨੂੰ
ਐਡਵੋਕੇਟ ਸੁਖਰਾਜ ਥਾਪਰ ਵੱਲੋਂ ਸੁਭਕਾਮਨਾਵਾਂ ਅਤੇ ਐਡਵੋਕੇਟ ਸੁਖਰਾਜ ਥਾਪਰ ਨੂੰ ਪੰਜਾਬ ਦਾ ਲੀਗਲ ਐਡਵਾਈਜ਼ਰ ਨਿਯੁਕਤ ਕਰਨ ਤੇ ਸੀਨੀਅਰ ਟੀਮ ਦੇ ਇਸ ਫ਼ੈਸਲੇ ਦਾ ਵਿਸ਼ੇਸ ਤੌਰ ਤੇ ਬਹੁਜਨ ਸਮਾਜ ਵਲੋਂ ਬਹੁਤ ਬਹੁਤ ਧੰਨਵਾਦ ਕੀਤਾ ਗਿਆ।

# ਕਮਲਾ ਨਹਿਰੂ ਕਾਲਜ ਫ਼ਾਰ ਵੂਮੈਨ,ਫ਼ਗਵਾੜਾ ਦੀ ਐਨ.ਐਸ.ਐਸ.ਯੂਨਿਟ ਨੇ 12 ਦਸੰਬਰ,2024 ਤੋਂ 18 ਦਸੰਬਰ,2024 ਤੱਕ ਬਿਹਤਰ ਭਵਿੱਖ ਲਈ ਨੌਜਵਾਨਾਂ ਦਾ ਸਸ਼ਕਤੀਕਰਨ ਵਿਸ਼ੇ ਤੇ 7 ਦਿਨਾਂ ਵਿਸ਼ੇਸ਼ ਐਨਐਸਐਸ ਕੈਂਪ ਦਾ ਆਯੋਜਨ ਕੀਤਾ।

ਫ਼ਗਵਾੜਾ (ਸੁਸ਼ੀਲ ਸ਼ਰਮਾ) ਕਾਲਜ ਪ੍ਰਿੰਸੀਪਲ ਡਾ.ਸਵਿੰਦਰ ਪਾਲ ਦੀ ਯੋਗ ਅਗਵਾਈ ਹੇਠ ਕਮਲਾ ਨਹਿਰੂ ਕਾਲਜ ਫ਼ਾਰ ਵੂਮੈਨ,ਫਗਵਾੜਾ ਦੀ ਐਨ.ਐਸ.ਐਸ.ਯੂਨਿਟ 12 ਦਸੰਬਰ 2024 ਤੋਂ 18 ਦਸੰਬਰ 2024 ਤੱਕ ਇਮਪਾਵਰਿੰਗ ਯੂਥ ਫਾਰ ਏ ਬੈਟਰ ਫਿਊਚਰ ਵਿਸ਼ੇ 'ਤੇ 7 ਰੋਜ਼ਾ ਐਨ.ਐਸ.ਐਸ. ਦਾ ਆਯੋਜਨ ਕਰ ਰਹੀ ਹੈ। ਐੱਸ ਵੱਲੋਂ ਵਿਸ਼ੇਸ਼ ਕੈਂਪ ਲਗਾਇਆ ਜਾ ਰਿਹਾ ਹੈ। ਕੈਂਪ ਦਾ ਉਦਘਾਟਨ ਮੁੱਖ ਮਹਿਮਾਨ ਪ੍ਰੋ.(ਡਾ.) ਅਮਰਜੀਤ ਸਿੰਘ,ਸਾਬਕਾ ਡੀਨ,ਗੁਰੂ ਅੰਗਦ ਦੇਵ ਵੈਟਰਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ (ਗਡਵਾਸੂ), ਲੁਧਿਆਣਾ ਨੇ ਰਿਬਨ ਕੱਟਣ ਅਤੇ ਦੀਪਮਾਲਾ ਕਰਨ ਦੀ ਰਸਮ ਅਦਾ ਕੀਤੀ। ਕਾਲਜ ਪਿ੍ਰੰਸੀਪਲ ਡਾ.ਸਵਿੰਦਰ ਪਾਲ, ਵਾਈਸ ਪਿ੍ਰੰਸੀਪਲ ਡਾ.ਗੁਮਿੰਦਰ ਕੌਰ,ਐੱਨ.ਐੱਸ.ਐੱਸ.ਪ੍ਰੋਗਰਾਮ ਅਫ਼ਸਰ ਡਾ.ਲਲਿਤ ਕੁਮਾਰ ਅਤੇ ਮੈਡਮ ਨਿਧੀ ਜੱਸਲ ਅਤੇ ਕੁਲਦੀਪ ਸਿੰਘ ਨੇ ਮੁੱਖ ਮਹਿਮਾਨ ਦਾ ਫੁੱਲਾਂ ਨਾਲ ਸਵਾਗਤ ਕੀਤਾ।
ਦਿਨ ਦੀ ਸ਼ੁਰੂਆਤ ਐੱਨਐੱਸਐੱਸ ਵਾਲੰਟੀਅਰਾਂ ਵੱਲੋਂ ਰੂਹਾਨੀ ਸ਼ਬਦ ਨਾਲ ਕੀਤੀ ਗਈ। ਵਲੰਟੀਅਰਾਂ ਨੇ ਕਵਿਤਾ ਵੀ ਸੁਣਾਈ। ਵਲੰਟੀਅਰਾਂ ਨੂੰ ਪਿਛਲੇ ਐਨ.ਐਸ.ਐਸ.ਕੈਂਪ ਦੀਆਂ ਗਤੀਵਿਧੀਆਂ ਦੇ ਪੀ.ਪੀ.ਟੀ.ਮੁੱਖ ਮਹਿਮਾਨ ਕਮ ਰਿਸੋਰਸ ਪਰਸਨ ਡਾ.ਅਮਰਜੀਤ ਸਿੰਘ ਵੱਲੋਂ ਇਕ ਐਕਸਟੈਨਸ਼ਨ ਲੈਕਚਰ ਵੀ ਕਰਵਾਇਆ ਗਿਆ। ਉਨ੍ਹਾਂ ਨੇ ਵਲੰਟੀਅਰਾਂ ਨੂੰ ਸੰਬੋਧਨ ਕੀਤਾ ਅਤੇ ਉਨ੍ਹਾਂ ਨੂੰ ਨੌਜਵਾਨਾਂ ਦੇ ਸਸ਼ਕਤੀਕਰਨ ਦੀ ਮਹੱਤਤਾ ਦੇ ਨਾਲ-ਨਾਲ ਉਨ੍ਹਾਂ ਤਰੀਕਿਆਂ







ਅਤੇ ਵੱਖ-ਵੱਖ ਸਰੋਤਾਂ ਬਾਰੇ ਦੱਸਿਆ ਜਿਨ੍ਹਾਂ ਰਾਹੀਂ ਦੇਸ਼ ਦੇ ਨੌਜਵਾਨਾਂ ਨੂੰ ਸਸ਼ਕਤ ਬਣਾਇਆ ਜਾ ਸਕਦਾ ਹੈ। ਉਨ੍ਹਾਂ ਨੇ ਉਨ੍ਹਾਂ ਨੂੰ ਨੌਜਵਾਨ ਪੀੜ੍ਹੀ ਲਈ ਉੱਦਮੀ ਹੁਨਰ ਦੀ ਮਹੱਤਤਾ ਬਾਰੇ ਵੀ ਜਾਗਰੂਕ ਕੀਤਾ ਅਤੇ ਇਹ ਹੁਨਰ ਕਿਵੇਂ ਬਣਾਏ ਜਾ ਸਕਦੇ ਹਨ ਅਤੇ ਇੱਕ ਚੰਗੇ ਮਨੁੱਖ ਨੂੰ ਬਣਾਉਣ ਵਿੱਚ ਉਪਯੋਗੀ ਸਾਬਤ ਹੋ ਸਕਦੇ ਹਨ। ਐਨ.ਐਸ.ਐਸ.ਪ੍ਰੋਗਰਾਮ ਅਫ਼ਸਰ ਮੈਡਮ ਨਿਧੀ ਜੱਸਲ ਨੇ ਧੰਨਵਾਦ ਦਾ ਮਤਾ ਪੇਸ਼ ਕਰਦਿਆਂ ਵਲੰਟੀਅਰਾਂ ਨੂੰ ਦੱਸਿਆ ਕਿ ਐਨ.ਐਸ.ਐਸ.ਸਿਰਫ਼ ਇੱਕ ਪ੍ਰੋਗਰਾਮ ਨਹੀਂ ਹੈ ਬਲਕਿ ਇਹ ਨੌਜਵਾਨਾਂ ਨੂੰ ਸਮਾਜ ਸੇਵਾ ਪ੍ਰਤੀ ਜਾਗਰੂਕ ਕਰਨਾ ਹੈ। ਉਨ੍ਹਾਂ ਕਿਹਾ ਕਿ ਇਹ ਕੈਂਪ ਵੀ ਉਸੇ ਮਿਸ਼ਨ ਦੀ ਪੂਰਤੀ ਵੱਲ ਇੱਕ ਉਪਰਾਲਾ ਹੈ,ਜਿੱਥੇ ਵਲੰਟੀਅਰ ਅਸਲ ਜ਼ਿੰਦਗੀ ਦੇ ਤਜ਼ਰਬਿਆਂ ਰਾਹੀਂ ਸਮਾਜ ਦੀ ਸੇਵਾ ਕਰਨ ਲਈ ਨਵੀਆਂ ਚੀਜ਼ਾਂ ਅਤੇ ਤਰੀਕੇ ਸਿੱਖਣਗੇ। ਕੈਂਪ ਦੇ ਪਹਿਲੇ ਦਿਨ ਵੱਖ-ਵੱਖ ਕਮੇਟੀਆਂ ਦਾ ਗਠਨ ਵੀ ਕੀਤਾ ਗਿਆ। ਇਸ ਮੌਕੇ ਐਨ.ਐਸ.ਐਸ.ਨੈਸ਼ਨਲ ਐਵਾਰਡੀ ਡਾ.ਤਰਸੇਮ ਸਿੰਘ ਭਿੰਡਰ,ਪ੍ਰਿੰਸੀਪਲ ਸਿੱਖ ਨੈਸ਼ਨਲ ਕਾਲਜ ਵੱਲੋਂ ਵਲੰਟੀਅਰਾਂ ਲਈ ਇੱਕ ਪ੍ਰੇਰਣਾਦਾਇਕ ਲੈਕਚਰ ਦਾ ਆਯੋਜਨ ਕੀਤਾ ਗਿਆ। ਉਹ ਐਨਐਸਐਸ ਦੇ ਪ੍ਰੀ-ਆਰਡੀ ਕੈਂਪ ਦਾ ਵੀ ਹਿੱਸਾ ਰਿਹਾ ਹੈ। ਡਾ.ਤਰਸੇਮ ਨੇ ਵਲੰਟੀਅਰਾਂ ਨੂੰ ਲੋੜਵੰਦਾਂ ਦੀ ਮਦਦ ਕਰਨ ਪ੍ਰਤੀ ਮਾਣ ਅਤੇ ਜ਼ਿੰਮੇਵਾਰੀ ਦੀ ਭਾਵਨਾ ਨਾਲ ਦੇਸ਼ ਦੀ ਸੇਵਾ ਕਰਨ ਲਈ ਪ੍ਰੇਰਿਤ ਕੀਤਾ। ਕੈਂਪ ਦੇ ਪਹਿਲੇ ਦਿਨ ਐਨ.ਐਸ.ਐਸ.ਵਲੰਟੀਅਰਾਂ ਨੇ ਕਾਲਜ ਕੈਂਪਸ ਦੇ ਲਾਅਨ ਦੀ ਸਫ਼ਾਈ ਕੀਤੀ। ਕਾਲਜ ਪ੍ਰਿੰਸੀਪਲ ਡਾ.ਸਵਿੰਦਰ ਪਾਲ ਨੇ ਧੰਨਵਾਦ ਦਾ ਮਤਾ ਪੇਸ਼ ਕੀਤਾ ਅਤੇ ਐਨ.ਐਸ.ਐਸ ਵਲੰਟੀਅਰਾਂ ਅਤੇ ਪ੍ਰੋਗਰਾਮ ਅਫ਼ਸਰਾਂ ਮੈਡਮ ਨਿਧੀ ਜੱਸਲ ਅਤੇ ਡਾ.ਲਲਿਤ ਕੁਮਾਰ ਵੱਲੋਂ ਕੀਤੇ ਗਏ ਸਾਂਝੇ ਯਤਨਾਂ ਦੀ ਸ਼ਲਾਘਾ ਕੀਤੀ।

ਰੋਜ਼ਾਨਾ ਲੋਕ ਬਾਣੀ www.lokbani

ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵਿੱਚ ਛਾਪੀਆਂ ਜਾਂਦੀਆ ਖਬਰਾਂ , ਰਿਪੋਰਟਾਂ , ਲੇਕ, ਕਹਾਣੀਆਂ, ਕਵਿਤਾਵਾ ਅਤੇ ਹਰ ਕਿਸਮ ਦੇ ਇਸ਼ਤਿਹਾਰ ਵਿੱਚ ਦਿੱਤੀ ਗਈ । ਸੂਚਨਾਂ, ਵਿਚਾਰ ਆਦਿ ਨਾਲ ਅਖਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਜ਼ਰੂਰੀ ਨਹੀਂ ਹੈ । ਇਸ ਅਖਬਾਰ ਵਿੱਚ ਛੱਪੇ ਇਸ਼ਤਿਹਾਰ ( ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜੰਮੇਵਾਰੀ ਨਹੀ ਲੈਂਦੇ ਕਿਉਂਕਿ ਅਖਬਾਰ ਇੰਨਾ ਨੂੰ ਤਸਦੀਕ ਨਹੀਂ ਕਰਦਾ ਪਾਠਕਾਂ/ਸ਼ੁਭ ਚਿੰਤਕਾ ਨੂੰ ਬੇਨਤੀ ਹੈ । ਕਿ ਉਹ ਇੰਨਾ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇੰਨਾਂ ਤੱਥਾਂ ਦੀ ਪੜਤਾਲ , ਪੁਸ਼ਟੀਕਰ ਲੈਣ।ਰੋਜ਼ਾਨਾਲੋਕ ਬਾਣੀ ਚ ਪ੍ਰਕਾਸ਼ਿਤ ਸੱਮਗਰੀ ਅਤੇ ਹੋਰ ਵਾਦ-ਵਿਵਾਦ ਸਬੰਧੀ ਕੇਸਾ ਦਾ ਨਿਪਟਾਰਾ ਸਿਰਫ ਜਲੰਧਰ ਕੋਰਟ ਵਿੱਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀ । ਖਬਰਾਂ ਪ੍ਰਤੀ ਜ਼ਿੰਮੇਵਾਰੀ ਪੱਤਰਕਾਰ ਦੀ ਹੋਵੇਗੀ ।

Daily Lok Bani(Punjabi) R.N.I. Punpun/29016/2008 Editor, owner, Printer , Publisher, Amandeep Mehra , Printed at Rachna Printers , Railway Road Jalandhar Place of Publication :308 Sangam Complex milap Chowk , Jalandhar (India), Contact No.: 0181-2211009, Fax : 2211009, Email id : lokbani08@gmail.com, Editormehra@gmail.com

# ਚੰਡੀਗੜ੍ਹ ਦੇ ਕਰਮਚਾਰੀਆਂ ਦੇ ਵੈਲਫੇਅਰ ਦੇ ਪ੍ਰਤੀ ਈਈਡੀਐੱਲ ਪੂਰੀ ਤਰ੍ਹਾਂ ਨਾਲ ਸਮਰਪਿਤ ਹੈ: ਆਰ-ਪੀ ਸੰਜੀਵ ਗੋਯਨਕਾ ਗਰੁੱਪ

ਚੰਡੀਗੜ੍ਹ (ਲੋਕ ਬਾਣੀ): ਐਮੀਨੇਂਟ ਇਲੈਕਟ੍ਰੀਸਿਟੀ ਡਿਸਟ੍ਰੀਬਿਊਸ਼ਨ (ਈਈਡੀਐੱਲ ), ਜਿਹੜੀ ਕਿ ਸੀਈਐੱਸਸੀ ਲਿਮਿਟਡ (ਆਰ-ਪੀ-ਸੰਜੀਵ ਗੋਯਨਕਾ ਗਰੁੱਪ ਦੀ ਕੰਪਨੀ) ਦੀ ਇੱਕ 100 ਪ੍ਰਤੀਸ਼ਤ ਮਾਲਕਾਨਾ ਹੱਕ ਵਾਲੀ ਸਹਾਇਕ ਕੰਪਨੀ ਹੈ, ਨੇ ਚੰਡੀਗੜ੍ਹ ਬਿਜਲੀ ਵਿਭਾਗ ਦੇ ਕਰਮਚਾਰੀਆਂ ਦੇ ਪ੍ਰਤੀ ਆਪਣੀ ਮਜਬੂਤ ਵਚਨਬੱਧਤਾ ਨੂੰ ਦਹੁਰਾਇਆ ਹੈ। ਕੰਪਨੀ ਇਹ ਸੁਨਿਸ਼ਚਿਤ ਕਰਦੀ ਹੈ ਕਿ ਸਾਰੀਆਂ ਸੇਵਾ ਸ਼ਰਤਾਂ ਅਤੇ ਰਿਟਾਇਰਮੈਂਟ ਲਾਭ ਆਖਰੀ ਸਮਝੌਤੇ ਦੇ ਅਨੁਸਾਰ ਪੂਰੀ ਤਰ੍ਹਾਂ ਨਾਲ ਲਾਗੂ ਹੋਣਗੇ ਅਤੇ ਇਨ੍ਹਾਂ ਦਾ ਪਾਲਣ ਸਮਝੌਤੇ ਦੀ ਭਾਵਨਾਂ ਅਤੇ ਲਿਖਿਤ, ਦੋਵਾਂ ਤਰ੍ਹਾਂ ਨਾਲ ਕੀਤਾ ਜਾਵੇਗਾ। ਮੌਜੂਦਾ ਮੈਡੀਕਲ ਸੁਵਿਧਾਵਾਂ ਜਾਰੀ ਰਹਿਣਗੀਆਂ ਅਤੇ ਮਹਿੰਗਾਈ ਭੱਤੇ ਭਾਰਤ ਸਰਕਾਰ ਦੁਆਰਾ ਅਧਿਸੂਚਿਤ ਦਰਾਂ ਦੇ ਅਨੁਸਾਰ ਲਾਗੂ ਹੋਣਗੇ। ਕਰਮਚਾਰੀਆਂ ਦੀ ਨੌਕਰੀ ਦੀ ਸੁਰੱਖਿਆ ਨੂੰ ਲੈ ਕੇ ਫੈਲ ਰਹੀਆਂ ਅਫਵਾਹਾਂ ਪੂਰੀ ਤਰ੍ਹਾਂ ਨਾਲ ਨਿਰਾਧਾਰ ਹਨ। ਐਮੀਨੇਂਟ ਇਲੈਕਟ੍ਰੀਸਿਟੀ ਡਿਸਟ੍ਰੀਬਿਊਸ਼ਨ (ਈਈਡੀਐੱਲ) ਨੇ ਆਸ ਦਵਾਈ ਹੈ ਕਿ ਇਨ੍ਹਾਂ ਚਿੰਤਾਵਾਂ ਦੇ ਉਲਟ, ਅਸਲੀਅਤ ਪੂਰੀ ਤਰ੍ਹਾਂ ਨਾਲ ਕਰਮਚਾਰੀਆਂ ਦੇ ਹਿਤ 'ਚ ਅਤੇ ਉਨ੍ਹਾਂ ਦੀ ਸੁਰੱਖਿਆ ਦੇ ਅਨੁਕੂਲ ਹੈ।ਬਿਜਲੀ ਅਧਿਨਿਯਮ 2003 ਅਤੇ ਨਿਵਿਦਾ ਸ਼ਰਤਾਂ, ਨਿਜੀਕਰਣ ਦੇ ਤਹਿਤ ਟਰਾਂਸਫਰਡ ਕਰਮਚਾਰੀਆਂ ਦੀਆਂ ਨੌਕਰੀਆਂ ਅਤੇ ਸੇਵਾ ਸ਼ਰਤਾਂ ਦੇ ਲਈ ਮਜਬੂਤ ਸੁਰੱਖਿਆ ਪ੍ਰਦਾਨ ਕਰਦੀਆਂ ਹਨ। ਉਨ੍ਹਾਂ ਦੇ ਕਾਰਜਕਾਲ ਦੇ ਦੌਰਾਨ ਸੇਵਾ ਸ਼ਰਤਾਂ ਨੂੰ ਸਿਰਫ ਬਿਹਤਰ ਬਣਾਇਆ ਜਾ ਸਕਦਾ ਹੈ ਅਤੇ ਕਿਸੇ ਵੀ ਸਥਿਤੀ 'ਚ ਇਹ ਨਿਜੀਕਰਣ ਦੀ ਅਧਿਸੂਚਨਾਂ ਤੋਂ ਪਹਿਲਾਂ ਦੀ ਸਥਿਤੀ ਨਾਲੋਂ ਘੱਟ ਅਨੁਕੂਲ ਨਹੀਂ ਹੋ ਸਕਦੀਆਂ।ਇਸਦੇ ਇਲਾਵਾ ਕਰਮਚਾਰੀਆਂ ਦੀ ਤਨਖਾਹ, ਭੱਤੇ ਅਤੇ ਹੋਰ ਲਾਭ, ਜਿਨ੍ਹਾਂ 'ਚ ਪੈਂਸ਼ਨ, ਗ੍ਰੇਚੁਇਟੀ, ਅਰਜਿਤ ਛੁੱਟੀਆਂ ਅਤੇ ਭਵਿੱਖ ਨਿਧੀ ਜਿਹੇ ਟਰਮੀਨਲ ਲਾਭ ਸ਼ਾਮਲ ਹਨ, ਪੂਰੀ ਤਰ੍ਹਾਂ ਨਾਲ ਸੁਰੱਖਿਅਤ ਹਨ। ਇਹ ਲਾਭ ਸਿਰਫ ਸਰਕਾਰ ਵੱਲੋਂ ਪ੍ਰਸ਼ਾਸਿਤ ਕੀਤੇ ਜਾਣਗੇ, ਜਿਸ ਨਾਲ ਇਸ ਬਦਲਾਅ ਦੇ ਦੌਰਾਨ ਕਰਮਚਾਰੀਆਂ ਤੇ ਕੋਈ ਪ੍ਰਤੀਕੂਲ ਪ੍ਰਭਾਵ ਨਹੀਂ ਪਵੇਗਾ।ਇਹ ਸਾਰੇ ਸੁਰੱਖਿਆ ਉਪਾਅ ਸਟੇਚਯੁਟਰੀ ਟਰਾਂਸਫਰ ਸਕੀਮ ਅਤੇ ਯੂਟੀ ਪ੍ਰਸ਼ਾਸਨ ਦੀ ਹੋਲਡਿੰਗ ਐਂਟਿਟੀ ਅਤੇ ਐਮੀਨੇਂਟ ਇਲੈਕਟ੍ਰੀਸਿਟੀ ਡਿਸਟ੍ਰੀਬਿਊਸ਼ਨ (ਈਈਡੀਐੱਲ) ਦੇ ਵਿਚਕਾਰ ਹੋਏ ਸ਼ੇਅਰ ਖਰੀਦ ਸਮਝੌਤੇ 'ਚ ਸ਼ਾਮਲ ਹਨ।ਸ੍ਰੀ ਪੀ. ਆਰ. ਕੁਮਾਰ, ਪਾਵਰ ਡਿਸਟ੍ਰੀਬਿਊਸ਼ਨ ਦੇ ਪ੍ਰੈਜੀਡੈਂਟ, ਆਰਪੀ-ਐਸਜੀ ਗਰੁਪ ਨੇ ਕਿਹਾ, 'ਅਸੀਂ ਚੰਡੀਗੜ੍ਹ ਬਿਜਲੀ ਵਿਭਾਗ ਦੇ ਕਰਮਚਾਰੀਆਂ ਨੂੰ ਮੁੜ ਆਸ਼ਾਵਾਦੀ ਕਰਦੇ ਹਾਂ ਕਿ ਉਨ੍ਹਾਂ ਦੀ ਸੇਵਾ ਸ਼ਰਤਾਂ ਅਤੇ ਰਿਟਾਇਰਮੈਂਟ ਲਾਭ ਸਮਝੌਤੇ ਦੇ ਅਨੁਸਾਰ ਪੂਰੀ ਤਰ੍ਹਾਂ ਨਾਲ ਸੁਰੱਖਿਅਤ ਰਹਿਣਗੇ। ਆਰਪੀ-ਐਸਜੀ ਗਰੁਪ, ਜਿਸ 'ਚ 50,000 ਨਾਲੋਂ ਜਿਆਦਾ ਕਰਮਚਾਰੀ ਕੰਮ ਕਰਦੇ ਹਨ, ਚੰਡੀਗੜ੍ਹ ਦੇ ਲੋਕਾਂ ਦੀ ਸੇਵਾ ਉੱਚ ਪੱਧਰ ਦੀ ਵਚਨਬੱਧਤਾ ਅਤੇ ਦੇਖਭਾਲ ਦੇ ਨਾਲ ਕਰਨ ਦੇ ਲਈ ਵਚਨਬੱਧ ਹੈ।ਐਮੀਨੇਂਟ ਇਲੈਕਟ੍ਰੀਸਿਟੀ ਡਿਸਟ੍ਰੀਬਿਊਸ਼ਨ (ਈਈਡੀਐੱਲ) ਦੇ ਸੰਚਾਲਨ ਦਾ ਮੂਲ ਅਧਾਰ 'ਮਨੁੱਖਤਾ ਦਾ ਸਿਧਾਂਤ ਹੈ। ਇਸ ਤੇ ਜੋਰ ਦਿੰਦੇ ਹੋਏ ਸ੍ਰੀ ਪੀ ਆਰ ਕੁਮਾਰ, ਪਾਵਰ ਡਿਸਟ੍ਰੀਬਿਊਸ਼ਨ ਦੇ ਪ੍ਰੈਜੀਡੈਂਟ, ਆਰਪੀ-ਐਸਜੀ ਗਰੁਪ ਨੇ ਕਿਹਾ ਕਿ, 'ਸਾਡੀਆਂ ਕਰਮਚਾਰੀ ਕੇਂਦਰਿਤ ਨੀਤੀਆਂ ਨਿਰਪੱਖਤਾ, ਸਨਮਾਨ, ਪਾਰਦਰਸ਼ਿਤਾ ਅਤੇ ਸਾਡੇ ਸਭ ਤੋਂ ਕੀਮਤੀ ਸੰਸਾਧਨ ਕਰਮਚਾਰੀਆਂ ਦੇ ਪ੍ਰਤੀ ਸੰਵੇਦਨਸ਼ੀਲਤਾ ਨੂੰ ਪਹਿਲ ਦਿੰਦੀਆਂ ਹਨ। ਵਿਭਿੰਨ ਪਹਿਲਾਂ ਦੇ ਮਾਧਿਅਮ ਨਾਲ, ਅਸੀਂ ਆਪਣੇ ਸਮੂਹ ਕੰਪਨੀਆਂ 'ਚ ਕਰਮਚਾਰੀਆਂ ਦੇ ਜੀਵਨ ਦੀ ਕੁਆਲਿਟੀ ਅਤੇ ਸੰਪੂਰਣ ਭਲਾਈ ਨੂੰ ਬਿਹਤਰ ਬਣਾਉਣ ਦੇ ਮਿਸ਼ਨ 'ਤੇ ਦ੍ਰਿੜ ਹਾਂ।'

ਰੋਜ਼ਾਨਾ ਲੋਕ ਬਾਣੀ www.lokbani

# ਖੋ-ਖੋ ਟੀਮ 'ਚ ਪੰਜਾਬ ਜਿੱਤਕੇ ਪਰਤੀ ਖਿਡਾਰਨ ਪਵਨਪ੍ਰੀਤ ਕੌਰ ਦਾ ਸਕੂਲ ਪੁੱਜਣ 'ਤੇ ਸਵਾਗਤ ਤੇ ਸਨਮਾਨ



ਸ਼ੇਰਪੁਰ, (ਲੋਕ ਬਾਣੀ) - ਸਰਕਾਰੀ ਪ੍ਰਾਇਮਰੀ ਸੈਂਟਰ ਸਕੂਲ ਘਨੌਰੀ ਕਲਾਂ ਵਿਖੇ ਅੱਜ ਪ੍ਰਾਇਮਰੀ ਸਕੂਲਾਂ ਦੇ ਪੰਜਾਬ ਪੱਧਰੀ ਖੇਡ ਮੁਕਾਬਲਿਆਂ 'ਚ ਜ਼ਿਲ੍ਹੇ ਦੀ ਟੀਮ ਵਿੱਚ ਖੇਡਦਿਆਂ ਪੰਜਾਬ ਫਤਿਹ ਕਰਕੇ ਸਕੂਲ ਪੁੱਜੀ ਖਿਡਾਰਨ ਪਵਨਪ੍ਰੀਤ ਕੌਰ ਚਹਿਲ ਦਾ ਅੱਜ ਪਿੰਡ ਦੀ ਪੰਚਾਇਤ, ਐਸਐਮਸੀ ਕਮੇਟੀ ਅਤੇ ਸਕੂਲ ਸਟਾਫ਼ ਧੂਮ-ਧੜੱਕੇ ਨਾਲ ਸਵਾਗਤ ਕਰਦਿਆਂ ਸਨਮਾਨ ਨਿਸ਼ਾਨੀ ਤੇ ਚੰਗੀ ਉਤਸ਼ਾਹ ਵਧਾਉ ਨਕਦ ਰਾਸ਼ੀ ਨਾਲ ਮਾਣ ਸਨਮਾਨ ਕੀਤਾ। ਯਾਦ ਰਹੇ ਕਿ 44ਵੀਂਆਂ ਅੰਤਰ ਜ਼ਿਲ੍ਹਾ ਪ੍ਰਾਇਮਰੀ ਸਕੂਲ ਖੇਡਾਂ ਵਿੱਚ ਪਵਨਪ੍ਰੀਤ ਕੌਰ ਦੀ ਵਿਲੱਖਣ ਖੇਡ ਕਾਰਨ ਪਿੰਡ ਸਕੂਲ ਤੇ ਇਲਾਕੇ ਦਾ ਨਾਮ ਰੋਸ਼ਨ ਹੋਣ ਤੋਂ ਪਿੰਡ ਵਾਸੀ ਕਾਫ਼ੀ ਖੁਸ਼ ਹਨ।

ਉਕਤ ਖਿਡਾਰਨ ਨੂੰ ਸਕੂਲ ਗੇਟ ਤੋਂ ਹਾਰ ਪਾਕੇ ਨਾਹਰਿਆਂ ਦੀ ਗੂੰਜ 'ਚ ਪੰਡਾਲ ਅੰਦਰ ਲਿਆਂਦਾ ਗਿਆ ਅਤੇ ਬੁਲਾਰਿਆਂ ਨੇ ਉਸਦੇ ਸੁਭਾਅ ਤੇ ਸਖਤ ਮਿਹਨਤ ਸਬੰਧੀ ਵਿਸਥਾਰਤ ਜ਼ਿਕਰ ਕੀਤਾ। ਗ੍ਰਾਮ ਪੰਚਾਇਤ ਵੱਲੋਂ ਪਿੰਡ ਘਨੌਰੀ ਕਲਾਂ ਦੇ ਸਰਪੰਚ ਅਮ੍ਰਿਤਪਾਲ ਸਿੰਘ, ਮਾਰਕੀਟ ਕਮੇਟੀ ਸ਼ੇਰਪੁਰ ਦੇ ਸਾਬਕਾ ਚੇਅਰਮੈਨ ਇੰਦਰਜੀਤ ਸਿੰਘ ਘਨੌਰੀ, ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੇਲ ਸਿੰਘ ਲੀਲਾ, ਮੀਤ ਪ੍ਰਧਾਨ ਬਘੇਰਾ ਸਿੰਘ, ਪੰਚ ਰਣਜੀਤ ਸਿੰਘ, ਪੰਚ ਰਾਮ ਸਿੰਘ, ਐਸਐਮਸੀ ਕਮੇਟੀ ਦੇ ਵੈਦ ਬੂਟਾ ਖਾਂ, ਜਸਪਾਲ ਪਾਲੂ, ਸੇਵਾਮੁਕਤ ਸੈਂਟਰ ਹੈੱਡ ਟੀਚਰ ਰਘਵਿੰਦਰ ਸਿੰਘ ਢੰਡਾ, ਮੌਜੂਦਾ ਸੈਂਟਰ ਹੈੱਡ ਟੀਚਰ ਕਿਰਨਦੀਪ ਕੌਰ, ਅਧਿਆਪਕ ਆਗੂ ਮਨਦੀਪ ਚਾਂਗਲੀ, ਸਕੂਲ ਸਟਾਫ਼ 'ਚੋ ਸ਼ਰਨਜ਼ੀਤ ਕੌਰ, ਨਿੰਦਰਜੀਤ ਕੌਰ, ਗੁਰਕਿਰਨ ਕੌਰ, ਪਰਮਜੀਤ ਕੌਰ, ਸ਼ਿਵਾਨੀ ਗਰਗ, ਇੰਦਰਵੀਰ ਕੌਰ, ਸਤਨਾਮ ਕੌਰ, ਆਂਗਣਵਾੜੀ ਤਰਫ਼ੋਂ ਰਾਜ ਰਾਣੀ, ਬਲਵਿੰਦਰ ਕੌਰ ਆਦਿ ਨੇ ਸਾਂਝੇ ਤੌਰ ਤੇ ਬੱਚੀ ਨੂੰ ਸਨਮਾਨ ਨਿਸ਼ਾਨੀ, ਨਕਦ ਰਾਸ਼ੀ ਤੇ ਉਤਸ਼ਾਹ ਵਧਾਊ ਇਨਾਮ ਦੇ ਸਨਮਾਨ ਕੀਤਾ। ਇਸ ਮੌਕੇ ਬੱਚੀ ਦੇ ਮਾਪਿਆਂ ਕੁਲਵੰਤ ਸਿੰਘ ਤੇ ਅਰਸ਼ਦੀਪ ਕੌਰ ਨੇ ਭਾਵੁਕ ਹੁੰਦਿਆਂ ਪਿੰਡ ਵਾਸੀਆਂ ਤੇ ਸਕੂਲ ਸਟਾਫ਼ ਵੱਲੋਂ ਉਨ੍ਹਾਂ ਦੀ ਧੀ ਤੇ ਪੂਰਾ ਪਰਿਵਾਰ ਦਾ ਉਤਸ਼ਾਹ ਵਧਾਉਣ ਲਈ ਧੰਨਵਾਦ ਕੀਤਾ।

ਰੋਜ਼ਾਨਾ ਲੋਕ ਬਾਣੀ www.lokbani

# ਵਿਦਿਆਰਥੀਆਂ ਨੇ ਊਰਜਾ ਬਚਾਓ ਦਿਵਸ ਤੇ ਵਾਤਾਵਰਣ ਅਨੁਕੂਲ ਮਾਡਲ ਪ੍ਰਦਰਸ਼ਿਤ ਕੀਤੇ-

## ☛ ਹਵਾ ਸ਼ੁੱਧੀਕਰਨ ਟਾਵਰ ਅਤੇ ਚੰਦਰਯਾਨ 3 ਮੁੱਖ ਆਕਰਸ਼ਣ ਸਨ

ਚੰਡੀਗੜ੍ਹ। (ਲੋਕ ਬਾਣੀ) ਮਹਾਰਿਸ਼ੀ ਦਯਾਨੰਦ ਪਬਲਿਕ ਸਕੂਲ, ਦਰਿਆ, ਚੰਡੀਗੜ੍ਹ ਨੇ ਵਾਤਾਵਰਨ ਵਿਭਾਗ ਚੰਡੀਗੜ੍ਹ ਪ੍ਰਸ਼ਾਸਨ ਦੇ ਸਹਿਯੋਗ ਨਾਲ ਊਰਜਾ ਸੰਭਾਲ ਦਿਵਸ ਮੌਕੇ ਈਕੋ ਫਰੈਂਡਲੀ ਮਾਡਲਾਂ ਦੀ ਪ੍ਰਦਰਸ਼ਨੀ ਲਗਾਈ। ਇਸ ਪ੍ਰਦਰਸ਼ਨੀ ਵਿੱਚ ਵਿਦਿਆਰਥੀਆਂ ਨੇ ਵਾਤਾਵਰਣ ਪੱਖੀ ਊਰਜਾ ਨੂੰ ਉਤਸ਼ਾਹਿਤ ਕਰਨ ਲਈ ਵੱਖ-ਵੱਖ ਮਾਡਲ ਪ੍ਰਦਰਸ਼ਿਤ ਕੀਤੇ।



ਵਿਦਿਆਰਥੀਆਂ ਨੇ ਮਾਡਲਾਂ ਰਾਹੀਂ ਸਮਝਾਇਆ ਕਿ ਨਵਿਆਉਣਯੋਗ ਊਰਜਾ ਦੀ ਵਰਤੋਂ ਨਾਲ ਕੁਦਰਤੀ ਸਰੋਤਾਂ ਤੇ ਸਕਾਰਾਤਮਕ ਪ੍ਰਭਾਵ ਪੈਂਦਾ ਹੈ। ਵਾਹਨਾਂ ਅਤੇ ਫੈਕਟਰੀਆਂ ਵਿੱਚੋਂ ਨਿਕਲਦਾ ਧੂੰਆਂ ਪ੍ਰਦੂਸ਼ਣ ਦਾ ਕਾਰਨ ਬਣਦਾ ਹੈ। ਇਸ ਕਾਰਨ ਮਨੁੱਖਾਂ ਅਤੇ ਜਾਨਵਰਾਂ ਦੀ ਹੋਂਦ ਖ਼ਤਰੇ ਵਿੱਚ ਹੈ। ਵਾਤਾਵਰਨ ਨੂੰ ਬਚਾਉਣ ਲਈ ਨਵੀਂ ਤਕਨੀਕ ਦੀ ਵਰਤੋਂ ਕਰਨੀ ਪਵੇਗੀ। ਉਨ੍ਹਾਂ ਕਿਹਾ ਕਿ ਸਾਨੂੰ ਆਪਣੇ ਘਰਾਂ, ਗਲੀਆਂ, ਸਕੂਲਾਂ, ਹਸਪਤਾਲਾਂ ਅਤੇ ਸੜਕਾਂ ਤੇ ਸੋਲਰ ਲਾਈਟਾਂ ਦੀ ਵੱਧ ਤੋਂ ਵੱਧ ਵਰਤੋਂ ਕਰਨੀ ਚਾਹੀਦੀ ਹੈ। ਵਿੰਡਮਿਲ ਮਾਡਲ ਦੇ ਆਧਾਰ ਤੇ ਊਰਜਾ ਕੁਸ਼ਲਤਾ ਨੂੰ ਉਤਸ਼ਾਹਿਤ ਕਰਨ ਤੇ ਜ਼ੋਰ ਦਿੱਤਾ ਗਿਆ। ਮਾਡਲ ਵਿੱਚ ਪਾਣੀ ਦੀ ਸਹੀ ਵਰਤੋਂ ਵੀ ਦਿਖਾਈ ਗਈ। ਉਨ੍ਹਾਂ ਦੱਸਿਆ ਕਿ ਗਲੋਬਲ ਵਾਰਮਿੰਗ ਕਾਰਨ ਗਲੇਸ਼ੀਅਰ ਪਿਘਲ ਰਹੇ ਹਨ ਅਤੇ ਜੇਕਰ ਇਹ ਸਿਲਸਿਲਾ ਜਾਰੀ ਰਿਹਾ ਤਾਂ ਧਰਤੀ ਪਾਣੀ ਦੀ ਲਪੇਟ ਵਿੱਚ ਆ ਜਾਵੇਗੀ। ਮਾਡਲ ਰਾਹੀਂ ਟਰਾਂਸਪੋਰਟ ਸਿਸਟਮ ਨੂੰ ਸੁਧਾਰਨ ਦਾ ਸੁਨੇਹਾ ਦਿੱਤਾ। ਰੁੱਤਾਂ ਦੇ ਬਦਲਾਅ ਨੂੰ ਵੀ ਚੰਗੀ ਤਰ੍ਹਾਂ ਪੇਸ਼ ਕੀਤਾ ਗਿਆ। ਇਸ ਪ੍ਰਦਰਸ਼ਨੀ ਵਿੱਚ ਵਿਦਿਆਰਥੀਆਂ ਨੇ ਮਾਡਲਾਂ ਰਾਹੀਂ ਕੂੜੇ ਤੋਂ ਬਿਹਤਰੀਨ ਬਣਾਉਣ, ਕੂੜਾ ਸੁੱਟਣ ਦੀ ਪ੍ਰਕਿਰਿਆ ਆਦਿ ਦਾ ਪ੍ਰਦਰਸ਼ਨ ਕੀਤਾ। ਉਨ੍ਹਾਂ ਦੱਸਿਆ ਕਿ ਜੈਵਿਕ ਖੇਤੀ ਮਨੁੱਖ ਦੀ ਸਿਹਤ ਲਈ ਲਾਹੇਵੰਦ ਹੈ। ਉਨ੍ਹਾਂ ਕਿਹਾ ਕਿ ਪ੍ਰਦੂਸ਼ਣ ਨੂੰ ਕੰਟਰੋਲ ਕਰਨ ਲਈ ਇਲੈਕਟ੍ਰਿਕ ਵਾਹਨਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਧਰਤੀ ਨੂੰ ਪ੍ਰਦੂਸ਼ਣ ਤੋਂ ਬਚਾਉਣਾ ਬਹੁਤ ਜ਼ਰੂਰੀ ਹੈ। ਕਾਰ ਧੋਣ ਤੋਂ ਬਾਅਦ, ਪਾਣੀ ਨੂੰ ਰੀਸਾਈਕਲ ਕੀਤਾ ਜਾ ਸਕਦਾ ਹੈ ਅਤੇ ਪੌਦਿਆਂ ਦੀ ਸਿੰਚਾਈ ਲਈ ਵਰਤਿਆ ਜਾ ਸਕਦਾ ਹੈ। ਹਵਾ ਸ਼ੁੱਧੀਕਰਨ ਟਾਵਰ ਅਤੇ ਚੰਦਰਯਾਨ 3 ਮੁੱਖ ਆਕਰਸ਼ਣ ਸਨ। ਜੂਨੀਅਰ ਵਰਗ ਵਿੱਚ ਸ਼ਾਨਦਾਰ ਮਾਡਲ ਬਣਾਉਣ ਵਾਲੇ ਹਿਮਾਂਸ਼ੂ ਅਤੇ ਸ਼ਿਵ ਸ਼ੰਕਰ ਨੂੰ ਪਹਿਲਾ ਇਨਾਮ, ਲਵਪ੍ਰੀਤ ਤੇ ਹੇਮੰਤ ਨੂੰ ਦੂਜੇ ਇਨਾਮ ਨਾਲ, ਆਦਰਸ਼ ਤੇ ਰਾਜ ਨੂੰ ਤੀਜੇ ਇਨਾਮ ਨਾਲ ਅਤੇ ਆਕਾਸ਼ ਤੇ ਅਭਿਦੀਪ ਨੂੰ ਤਸੱਲੀ ਇਨਾਮ ਨਾਲ ਸਨਮਾਨਿਤ ਕੀਤਾ ਗਿਆ। ਸੀਨੀਅਰ ਵਰਗ ਵਿੱਚ ਰਾਗਿਨੀ ਅਤੇ ਕਲਪਨਾ ਨੂੰ ਪਹਿਲਾ, ਕਾਜਲ ਅਤੇ ਰੂਪਾਂਸ਼ੂ ਨੂੰ ਦੂਜਾ ਅਤੇ ਆਯੂਸ਼ ਬਰਥਵਾਲ ਅਤੇ ਆਯੂਸ਼ ਕੁਮਾਰ ਨੂੰ ਤੀਜਾ ਅਤੇ ਪ੍ਰਿੰਸ, ਆਦਿਤਿਆ, ਜੂਲੀ ਨੂੰ ਤਸੱਲੀ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ। ਸਕੂਲ ਦੀ ਵਾਈਸ ਪ੍ਰਿੰਸੀਪਲ ਅੰਜੂ ਮੌਦਗਿਲ ਨੇ ਦੱਸਿਆ ਕਿ ਇਸ ਪ੍ਰਦਰਸ਼ਨੀ ਦਾ ਮੁੱਖ ਕਾਰਨ ਲੋਕਾਂ ਨੂੰ ਊਰਜਾ ਸੰਭਾਲ ਬਾਰੇ ਜਾਗਰੂਕ ਕਰਨਾ ਹੈ।

ਰੋਜ਼ਾਨਾ ਲੋਕ ਬਾਣੀ www.lokbani

# ਮੋਦੀ ਨੇ ਕੇਵੜੀਆ ਵਿੱਚ ਦੁਨੀਆ ਦੀ ਸਭ ਤੋਂ ਉੱਚੀ ਸਟੈਚੂ ਆਫ਼ ਯੂਨਿਟੀ ਬਣਾ ਕੇ ਸਰਦਾਰ ਪਟੇਲ ਨੂੰ ਸਨਮਾਨਿਤ ਕਰਨ ਦਾ ਕੰਮ ਕੀਤਾ : ਸ਼ਾਹ



ਲੁਧਿਆਣਾ (ਲੋਕ ਬਾਣੀ): ਰਾਜਸਥਾਨ ਦੇ ਜੋਧਪੁਰ ਚ ਸਰਦਾਰ ਵੱਲਭ ਭਾਈ ਪਟੇਲ ਦੀ 11 ਫੁੱਟ ਉੱਚੀ ਮੂਰਤੀ ਦਾ ਉਦਘਾਟਨ ਕਰਦੇ ਹੋਏ ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਅਮਿਤ ਸ਼ਾਹ ਨੇ ਦੇਸ਼ ਦੀ ਜਨਤਾ ਨੂੰ ਸਪੱਸ਼ਟ ਸੰਦੇਸ਼ ਦਿੱਤਾ ਹੈ ਕਿ ਧਾਰਾ 370 ਹਟਾਓ, ਵਰਦੀ ਆਦਿ ਛੱਡ ਦਿਓ ਸਰਦਾਰ। ਸਾਹਿਬ ਦੇ ਜੀਵਨ ਕਾਲ ਵਿੱਚ ਪ੍ਰਧਾਨ ਮੰਤਰੀ ਮੋਦੀ ਨੇ 10 ਸਾਲਾਂ ਵਿੱਚ ਸਿਵਲ ਕੋਡ, ਵਿਸ਼ਾਲ ਰਾਮ ਮੰਦਰ, ਤਿੰਨ ਤਲਾਕ ਨੂੰ ਖਤਮ ਕਰਨ ਵਰਗੇ 1,100 ਕਿਲੋ ਹੋਰ ਕੰਮ ਪੂਰੇ ਕੀਤੇ ਹਨ। ਸਰਦਾਰ ਪਟੇਲ ਦੀ ਇਹ 11 ਫੁੱਟ ਉੱਚੀ ਮੂਰਤੀ ਕਈ ਧਾਤਾਂ ਨਾਲ ਬਣੀ ਹੈ ਅਤੇ 8 ਫੁੱਟ ਉੱਚੀ ਜਗ੍ਹਾ ਤੇ ਸਥਾਪਿਤ ਕੀਤੀ ਗਈ ਹੈ, ਜਿਸ ਦੀ ਖੁਸ਼ਬੂ ਯੁਗਾਂ ਤੱਕ ਫੈਲੇਗੀ। ਪੀਐਮ ਮੋਦੀ ਨੇ ਕੇਵੜੀਆ ਵਿੱਚ ਦੁਨੀਆ ਦੀ ਸਭ ਤੋਂ ਉੱਚੀ ਸਟੈਚੂ ਆਫ਼ ਯੂਨਿਟੀ ਬਣਾ ਕੇ ਸਰਦਾਰ ਪਟੇਲ ਨੂੰ ਸਨਮਾਨਿਤ ਕਰਨ ਦਾ ਕੰਮ ਕੀਤਾ। ਗੁਜਰਾਤ। ਜੇਕਰ ਸਰਦਾਰ ਪਟੇਲ ਨਾ ਹੁੰਦੇ ਤਾਂ 556 ਤੋਂ ਵੱਧ ਰਿਆਸਤਾਂ ਇਕਜੁੱਟ ਨਾ ਹੁੰਦੀਆਂ ਅਤੇ ਅੱਜ ਭਾਰਤ ਦਾ ਨਕਸ਼ਾ ਵੱਖਰਾ ਹੋਣਾ ਸੀ। ਕੌਣ ਨਹੀਂ ਜਾਣਦਾ ਕਿ ਗੁਜਰਾਤ ਅਤੇ ਰਾਜਸਥਾਨ ਦੀਆਂ ਕਈ ਰਿਆਸਤਾਂ ਨੂੰ ਭਾਰਤ ਨਾਲ ਜੋੜਨ ਦਾ ਕੰਮ ਸਰਦਾਰ ਪਟੇਲ ਨੇ ਕੀਤਾ ਸੀ। ਸਰਦਾਰ ਪਟੇਲ ਨੇ ਜੋਧਪੁਰ ਦੇ ਮਹਾਰਾਜੇ ਨੂੰ ਮਨਾ ਕੇ ਜੋਧਪੁਰ ਦੀ ਰਿਆਸਤ ਨੂੰ ਭਾਰਤ ਵਿਚ ਮਿਲਾਉਣ ਦਾ ਕੰਮ ਵੀ ਕੀਤਾ ਸੀ। ਅੱਜ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਹੇਠ ਭਾਰਤ ਬ੍ਰਿਟੇਨ ਨੂੰ ਪਿੱਛੇ ਛੱਡ ਕੇ ਦੁਨੀਆ ਦੀ ਪੰਜਵੀਂ ਸਭ ਤੋਂ ਵੱਡੀ ਅਰਥਵਿਵਸਥਾ ਬਣ ਗਿਆ ਹੈ ਅਤੇ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਬਣਨ ਵੱਲ ਵਧ ਰਿਹਾ ਹੈ।

ਰੋਜ਼ਾਨਾ ਲੋਕ ਬਾਣੀ www.lokbani

# ਰਿਜਰਵੇਸ਼ਨ ਚੋਰ ਫੜੋ ਮੋਰਚਾ ਪੰਜਾਬ ਵੱਲੋਂ ਸੂਬਾ ਸਰਕਾਰ ਵਿਰੁੱਧ ਵੱਡਾ ਸੰਘਰਸ਼ ਵਿੱਢਣ ਦੀ ਤਿਆਰੀ : ਵਿੱਕੀ ਪਰੋਚਾ ਧੂਰੀ

ਧੂਰੀ ,(ਲੋਕ ਬਾਣੀ) - ਪੰਜਾਬ ਅੰਦਰ ਪਿਛਲੇ ਕਈ ਸਾਲਾਂ ਤੋਂ ਕੁਝ ਲੋਕ ਐਸ ਸੀ ਅਤੇ ਬੀ ਸੀ ਭਾਈਚਾਰੇ ਦੇ ਜਾਅਲੀ ਜਾਤੀ ਸਰਟੀਫਿਕੇਟ ਬਣਾ ਕੇ ਸਰਕਾਰੀ ਨੌਕਰੀਆਂ ਕਰ ਰਹੇ ਹਨ ਜਿਸ ਕਾਰਨ ਐਸ ਸੀ , ਬੀ ਸੀ ਭਾਈਚਾਰੇ ਦੇ ਬੱਚਿਆਂ ਦੇ ਹੱਕ ਮਾਰੇ ਜਾ ਰਹੇ ਹਨ। ਇਸ ਸਬੰਧੀ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਿੱਕੀ ਪਰੋਚਾ ਧੂਰੀ ,ਕਨਵੀਨਰ ਰਿਜਰਵੇਸ਼ਨ ਚੋਰ ਫੜੋ ਮੋਰਚਾ ਪੰਜਾਬ ਨੇ ਕਿਹਾ ਕਿ ਇਸ ਦੇ ਲਈ 2023 ਵਿੱਚ ਰਿਜਰਵੇਸ਼ਨ ਚੋਰ ਫੜੋ ਮੋਰਚਾ ਪੰਜਾਬ ਦੀ ਅਗਵਾਈ ਵਿੱਚ ਤਕਰੀਬਨ 7 ਮਹੀਨੇ ਮੋਹਾਲੀ ਵਿਖੇ ਮੋਰਚਾ ਲਗਾਇਆ ਗਿਆ। ਪੰਜਾਬ ਸਰਕਾਰ ਦੀ ਸਬ ਕਮੇਟੀ ਨਾਲ ਮੋਰਚੇ ਦੀਆਂ ਕਈ ਮੀਟਿੰਗਾਂ ਵੀ ਹੋਈਆਂ ਤੇ ਪੰਜਾਬ ਸਰਕਾਰ ਵੱਲੋਂ ਭਰੋਸਾ ਦੇਣ ਤੇ ਮੋਰਚਾ ਮੁਲਤਵੀ ਕਰ ਦਿੱਤਾ ਗਿਆ, ਪਰ ਪੰਜਾਬ ਸਰਕਾਰ ਨੇ ਜਾਅਲੀ ਜਾਤੀ



ਸਰਟੀਫਿਕੇਟ ਧਾਰਕਾਂ ਤੇ ਕੋਈ ਕਾਰਵਾਈ ਨਹੀਂ ਕੀਤੀ।11 ਅਗਸਤ 2024 ਨੂੰ ਧੂਰੀ ਵਿਖੇ ਧਰਨਾ ਲਗਾਇਆ ਗਿਆ ,ਜੋ ਸਰਕਾਰ ਦੇ ਭਰੋਸਾ ਦੇਣ ਤੋਂ ਬਾਅਦ ਧਰਨਾ ਉਠਾ ਦਿੱਤਾ ਗਿਆ।ਇਸ ਤੋਂ ਬਾਅਦ ਪੰਜਾਬ ਸਰਕਾਰ ਦੀ ਸਬ ਕਮੇਟੀ ਨਾਲ ਪੰਜਾਬ ਭਵਨ ਵਿਖੇ 11 ਸਤੰਬਰ 2024 ਨੂੰ ਸ੍ਰੀ ਅਮਨ ਅਰੋੜਾ ਕੈਬਨਿਟ ਮੰਤਰੀ ਪੰਜਾਬ ਸਰਕਾਰ ਨਾਲ ਮੋਰਚੇ ਦੇ ਆਗੂਆਂ ਦੀ ਮੀਟਿੰਗ ਹੋਈ।ਇਸ ਮੀਟਿੰਗ ਵਿੱਚ ਇਸ ਮਸਲੇ ਦਾ ਹੱਲ ਕਰਨ ਲਈ 20 ਦਿਨ ਦਾ ਸਮਾਂ ਲਿਆ ਗਿਆ, ਪਰ ਪੰਜਾਬ ਸਰਕਾਰ ਨੇ ਅਜੇ ਤੱਕ ਵੀ ਜਾਅਲੀ ਜਾਤੀ ਸਰਟੀਫਿਕੇਟ ਧਾਰਕਾਂ ਤੇ ਕੋਈ ਕਾਰਵਾਈ ਨਹੀਂ ਕੀਤੀ। ਇਸ ਲਈ ਮੋਰਚੇ ਦੇ ਕੁਝ ਆਗੂਆਂ ਨੇ ਵਿੱਕੀ ਪਰੋਚਾ ਧੂਰੀ ਕਨਵੀਨਰ ਰਿਜਰਵੇਸ਼ਨ ਚੋਰ ਫੜੋ ਮੋਰਚਾ ਪੰਜਾਬ ਦੀ ਅਗਵਾਈ ਵਿੱਚ ਮਿਤੀ 12 ਦਸੰਬਰ 2024 ਨੂੰ ਧੂਰੀ ਵਿਖੇ ਮੀਟਿੰਗ ਕੀਤੀ। ਇਸ ਵਿੱਚ ਫੈਸਲਾ ਕੀਤਾ ਗਿਆ ਕਿ ਮਿਤੀ 25 ਦਸੰਬਰ 2024 ਨੂੰ ਪੰਜਾਬ ਪੱਧਰ ਦੀ ਮੀਟਿੰਗ ਲੁਧਿਆਣਾ ਵਿਖੇ ਕੀਤੀ ਜਾਵੇਗੀ ਅਤੇ ਪੰਜਾਬ ਸਰਕਾਰ ਵਿਰੁੱਧ ਵੱਡਾ ਸੰਘਰਸ਼ ਵਿੱਢਣ ਤੇ ਰਣਨੀਤੀ ਉਲੀਕੀ ਜਾਏਗੀ। ਵਿੱਕੀ ਪਰੋਚਾ ਨੇ ਪੰਜਾਬ ਦੀਆਂ ਸਮੂਹ ਜਥੇਬੰਦੀਆਂ ਅਤੇ ਐਸ ਸੀ , ਬੀ ਸੀ ਸਮਾਜ ਨੂੰ ਅਪੀਲ ਕੀਤੀ ਕਿ ਜਿਨ੍ਹਾਂ ਦੇਰ ਆਪਾਂ ਇਕੱਠੇ ਹੋ ਕੇ ਲੜਾਈ ਨਹੀਂ ਲੜਦੇ ਉਦੋਂ ਤੱਕ ਆਪਣੇ ਹੱਕਾਂ ਤੇ ਡਾਕਾ ਪੈਂਦਾ ਰਹੇਗਾ।

## ਪੋਹ ਦਾ ਮਹੀਨਾ

ਲਿਖ ਨਾ ਸਕਦੀ ਕਾਨੀ ਮੇਰੀ, ਬਲ਼ ਉੱਠਦਾ ਹੈ ਸੀਨਾ।
ਸਮੇਂ-ਸਮੇਂ ਤੇ ਚੇਤੇ ਆਵੇ, ਪੋਹ ਦਾ ਉਹੀ ਮਹੀਨਾ।
ਕੀ ਆਖਾਂ ਦਸ਼ਮੇਸ਼ ਪਿਤਾ ਨੇ, ਕਿੰਨੇ ਸਿਤਮ ਸਹਾਰੇ।
ਜਿਗਰ ਦੇ ਟੋਟੇ ਜਿਸਨੇ, ਆਪਣੇ ਦੇਸ਼-ਕੌਮ ਤੋਂ ਵਾਰੇ।
ਛੇ ਪੋਹ ਦੀ ਉਸ ਰਾਤ ਗੁਰੂ ਜੀ, ਆਨੰਦਪੁਰ ਤੋਂ ਚੱਲੇ।
ਤੋੜ ਕੇ ਕਸਮਾਂ, ਪਾ ਕੇ ਘੇਰਾ, ਮੁਗਲਾਂ ਕੀਤੇ ਹੱਲੇ।
ਠਿਲ੍ਹ ਪਏ ਸਰਸਾ ਨਦੀ ਚ ਤੇ, ਪਰਿਵਾਰ ਵਿਛੜਿਆ ਸਾਰਾ।
ਗੜ੍ਹੀ ਕੱਚੀ ਚਮਕੌਰ ਪਹੁੰਚ ਕੇ, ਸਤਿਗੁਰ ਕੀਤਾ ਉਤਾਰਾ।
ਵੱਡੇ ਪੁੱਤਰਾਂ ਤੇ ਸਿੰਘਾਂ, ਚਮਕੌਰ ਸ਼ਹੀਦੀ ਪਾਈ।
ਦੋ ਛੋਟਿਆਂ ਸਰਹਿੰਦ ਦੀ ਨੀਂਹ ਵਿੱਚ, ਅੰਤਿਮ ਫ਼ਤਹਿ ਬੁਲਾਈ।
ਮਾਛੀਵਾੜੇ ਜੰਗਲ ਵਿੱਚ ਸੀ, ਇੱਟ ਦਾ ਲਾਇਆ ਸਿਰ੍ਹਾਣਾ।
ਵਾਰ ਦਿੱਤਾ ਸਰਬੰਸ ਸਾਰਾ, ਤੇ ਰੱਬ ਦਾ ਮੰਨਿਆ ਭਾਣਾ।
ਪੋਹ ਦੇ ਓਸ ਮਹੀਨੇ ਦੀ ਹੈ, ਗਾਥਾ ਦਰਦ-ਰੰਞਾਣੀ।
ਵਾਰ ਕੇ ਪੰਜ ਜੀਅ, ਗੁਰੂ ਪਿਤਾ ਦੇ, ਅੱਖੋਂ ਨਾ ਡਿੱਗਿਆ ਪਾਣੀ।
ਕਲਗੀ ਵਾਲੇ ਸਤਿਗੁਰ ਦੱਸਿਆ, ਚੱਲਣਾ ਹੁਕਮ ਰਜਾਈ।
ਨਾਲ਼ ਅਣਖ ਦੇ ਜੀਣ-ਮਰਨ ਦੀ, ਸਾਨੂੰ ਜਾਚ ਸਿਖਾਈ।

ਪ੍ਰੋ. ਨਵ ਸੰਗੀਤ ਸਿੰਘ
1, ਲਤਾ ਗਰੀਨ ਐਨਕਲੇਵ
ਪਟਿਆਲਾ-147002.
9417692015.



# ਦੇਸ਼ ਦੇ 140 ਕਰੋੜ ਲੋਕਾਂ ਦੇ ਮਨਾਂ ਚ ਅਜਿੱਤ ਭਾਰਤ ਦੇ ਵਿਸ਼ਵਾਸ ਦਾ ਪੂਰਾ ਸਿਹਰਾ ਸਰਹੱਦ ਤੇ ਖੜ੍ਹੇ ਜਵਾਨਾਂ ਨੂੰ ਜਾਂਦਾ ਹੈ: ਸ਼ਾਹ

ਚੰਡੀਗੜ (ਲੋਕ ਬਾਣੀ) : ਰਾਜਸਥਾਨ ਦੇ ਜੋਧਪੁਰ ਵਿੱਚ ਸੀਮਾ ਸੁਰੱਖਿਆ ਬਲ ਦੇ 60ਵੇਂ ਸਥਾਪਨਾ ਦਿਵਸ ਸਮਾਰੋਹ ਪਰੇਡ ਵਿੱਚ ਮੁੱਖ ਮਹਿਮਾਨ ਵਜੋਂ ਆਪਣੀ ਹਾਜ਼ਰੀ ਦਰਜ ਕਰਵਾਉਂਦੇ ਹੋਏ ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਅਮਿਤ ਸ਼ਾਹ ਨੇ ਸਪੱਸ਼ਟ ਕੀਤਾ ਕਿ 'ਅਜਿੱਤ ਭਾਰਤ' ਜੋ ਕਿ 140 ਲੋਕਾਂ ਦੇ ਮਨਾਂ ਵਿੱਚ ਹੈ। ਦੇਸ਼ ਦੇ ਕਰੋੜਾਂ ਲੋਕਾਂ ਦਾ ਮੰਨਣਾ ਹੈ ਕਿ ਇਸ ਦਾ ਸਾਰਾ ਸਿਹਰਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਯੋਗ ਅਗਵਾਈ ਵਿੱਚ ਸਰਹੱਦ ਤੇ ਖੜ੍ਹੇ ਸੈਨਿਕਾਂ ਨੂੰ ਜਾਂਦਾ ਹੈ ਪਿਛਲੇ ਕੁਝ ਸਾਲਾਂ ਵਿੱਚ ਅੰਦਰੂਨੀ ਸੁਰੱਖਿਆ ਤੋਂ ਲੈ ਕੇ ਸਰਹੱਦੀ ਸੁਰੱਖਿਆ ਤੱਕ। ਪਰਿਵਰਤਨ ਦੇਖਿਆ ਗਿਆ ਹੈ, ਅਤੇ ਸਾਰੇ ਸੰਸਾਰ ਨੇ ਇਹ ਦੇਖਿਆ ਹੈ. ਇੱਕ ਸਮੇਂ ਵਿੱਚ 25 ਬਟਾਲੀਅਨਾਂ ਨਾਲ ਸ਼ੁਰੂ ਹੋਈ ਇਹ ਫੋਰਸ ਅੱਜ 2 ਲੱਖ 70 ਹਜ਼ਾਰ ਸੈਨਿਕਾਂ ਦੀ ਗਿਣਤੀ ਦੇ ਨਾਲ 193 ਬਟਾਲੀਅਨਾਂ ਤੱਕ ਪਹੁੰਚ ਚੁੱਕੀ ਹੈ, ਜੋ ਕਿ ਦੁਨੀਆ ਦੀ ਸਭ ਤੋਂ ਵੱਡੀ ਸੀਮਾ ਸੁਰੱਖਿਆ ਬਲ ਹੈ। ਸਾਲ 2024 ਵਿੱਚ ਵੀ ਸੀਮਾ ਸੁਰੱਖਿਆ ਬਲ ਦੇ ਜਵਾਨਾਂ ਨੇ ਕਈ ਅਪਰੇਸ਼ਨਾਂ ਰਾਹੀਂ ਜਾਅਲੀ ਕਰੰਸੀ, ਨਸ਼ੀਲੇ ਪਦਾਰਥਾਂ, ਘੁਸਪੈਠ ਅਤੇ ਖੱਬੇ ਪੱਖੀ ਕੱਟੜਪੰਥ ਵਿਰੁੱਧ ਲੜਨ ਦਾ ਆਪਣਾ ਰਿਕਾਰਡ ਕਾਇਮ ਰੱਖਿਆ ਹੈ। ਦੇਸ਼ ਦੀ ਰੱਖਿਆ ਦੀ



ਪਹਿਲੀ ਲਾਈਨ ਵਜੋਂ 1,992 ਸਰਹੱਦੀ ਗਾਰਡਾਂ ਨੇ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਹਨ ਅਤੇ ਉਨ੍ਹਾਂ ਵਿੱਚੋਂ ਹੁਣ ਤੱਕ 1,330 ਨੂੰ ਮੈਡਲ ਦਿੱਤੇ ਜਾ ਚੁੱਕੇ ਹਨ। ਇਨ੍ਹਾਂ ਵਿੱਚ 1 ਮਹਾਵੀਰ ਚੱਕਰ, 6 ਕੀਰਤੀ ਚੱਕਰ, 13 ਵੀਰ ਚੱਕਰ, 13 ਸ਼ੌਰਿਆ ਚੱਕਰ, 56 ਆਰਮੀ ਮੈਡਲ ਅਤੇ 1,241 ਪੁਲਿਸ ਮੈਡਲ ਸ਼ਾਮਲ ਹਨ। ਪ੍ਰਧਾਨ ਮੰਤਰੀ ਮੋਦੀ ਦੀ ਦੂਰਅੰਦੇਸ਼ੀ ਅਤੇ ਅੰਤੋਦਿਆ ਦੀ ਰਾਜਨੀਤੀ ਨੂੰ ਅਮਲੀਜਾਮਾ ਪਹਿਨਾਉਣ ਵਾਲੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਕਾਰਜਕਾਲ ਦੌਰਾਨ ਸਰਹੱਦੀ ਖੇਤਰਾਂ ਵਿੱਚ ਮਜ਼ਬੂਤ ਬੁਨਿਆਦੀ ਢਾਂਚੇ ਦੀ ਉਸਾਰੀ, ਸਰਹੱਦੀ ਪਿੰਡਾਂ ਵਿੱਚ ਭਲਾਈ ਸਕੀਮਾਂ ਨੂੰ 100 ਫੀਸਦੀ ਲਾਗੂ ਕਰਨ ਅਤੇ ਦੇਸ਼ ਦੇ ਪਹਿਲੇ ਪਿੰਡਾਂ ਨੂੰ ਮੁਹੱਈਆ ਕਰਵਾਏ ਜਾਣ।

# ਕਾਨਪੁਰ ਚ ਅਗਵਾ ਹੋਈ ਲੜਕੀ ਦੀ ਬਰਾਮਦਗੀ ਨਾ ਹੋਣ ਤੋਂ ਨਾਰਾਜ਼ ਇਕ ਜੋੜੇ ਨੇ ਪੁਲਸ ਕਮਿਸ਼ਨਰ ਦਫਤਰ ਚ ਆਤਮਦਾਹ ਦੀ ਕੋਸ਼ਿਸ਼ ਕੀਤੀ।

ਕਾਨਪੁਰ (ਸੁਨੀਲ ਬਾਜਪਾਈ) ਅੱਜ ਸ਼ੁੱਕਰਵਾਰ ਨੂੰ ਇੱਥੋਂ ਦੇ ਪੁਲੀਸ ਕਮਿਸ਼ਨਰ ਦਫ਼ਤਰ ਵਿਖੇ ਬਿਲਹੌਰ ਪੁਲੀਸ 'ਤੇ ਆਪਣੀ ਲਾਪਤਾ ਧੀ ਨੂੰ ਬਰਾਮਦ ਕਰਨ ਵਿੱਚ ਲਾਪ੍ਰਵਾਹੀ ਦਾ ਦੋਸ਼ ਲਾਉਂਦਿਆਂ ਇੱਕ ਜੋੜੇ ਨੇ ਪੈਟਰੋਲ ਪਾ ਕੇ ਖ਼ੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ ਪਰ ਉੱਥੇ ਮੌਜੂਦ ਪੁਲੀਸ ਮੁਲਾਜ਼ਮਾਂ ਨੇ ਉਨ੍ਹਾਂ ਨੂੰ ਤੁਰੰਤ ਕਾਬੂ ਕਰ ਲਿਆ।

ਘਟਨਾ ਸਬੰਧੀ ਪੁਲਿਸ ਨੂੰ ਜਾਣਕਾਰੀ ਦਿੰਦਿਆਂ ਮਾਨ ਨਿਵਾੜਾ ਉੱਤਰਪੁਰਾ ਬਿਲਹੌਰ ਦੇ ਰਹਿਣ ਵਾਲੇ ਰਾਕੇਸ਼ ਦੂਬੇ ਨੇ ਦੱਸਿਆ ਕਿ ਉਸਦੀ ਲੜਕੀ 31 ਅਗਸਤ 2024 ਨੂੰ ਬਿਲਹੌਰ ਦੇ ਖੇਰੇਸ਼ਵਰ ਮੰਦਿਰ ਦੇ ਸਰਾਇਆ ਘਾਟ ਵਿਖੇ ਦੀਵੇ ਦਾਨ ਕਰਨ ਗਈ ਸੀ। ਇਸ ਤੋਂ ਬਾਅਦ ਉਸ ਦੀ ਬੇਟੀ ਲਾਪਤਾ ਹੋ ਗਈ। ਉਸ ਨੇ ਥਾਣਾ ਬਿਲਹੌਰ ਵਿਖੇ ਗੁੰਮਸ਼ੁਦਗੀ ਦੀ ਸ਼ਿਕਾਇਤ ਦਰਜ ਕਰਵਾਈ ਹੈ। ਜਿਸ ਕਾਰਨ ਪੁਲਿਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸ ਦੌਰਾਨ ਜਦੋਂ ਉਨ੍ਹਾਂ ਨੇ ਮੰਦਰ ਅਤੇ ਆਸਪਾਸ ਦੇ ਸੀਸੀਟੀਵੀ ਫੁਟੇਜ ਚੈੱਕ ਕੀਤੇ ਤਾਂ ਉਨ੍ਹਾਂ ਦੀ ਬੇਟੀ ਈ-ਰਿਕਸ਼ਾ ਚ ਮੰਦਰ ਤੋਂ ਬਾਹਰ ਜਾਂਦੀ ਦਿਖਾਈ ਦਿੱਤੀ। ਕਾਲੇ ਰੰਗ ਦੀ ਸਕਾਰਪੀਓ ਗੱਡੀ ਈ-ਰਿਕਸ਼ਾ ਦਾ ਪਿੱਛਾ ਕਰ ਰਹੀ ਸੀ।



ਦੂਜੇ ਪਾਸੇ ਆਤਮਦਾਹ ਦੀ ਕੋਸ਼ਿਸ਼ ਕਰਨ ਵਾਲੇ ਜੋੜੇ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਬੇਟੀ ਨੂੰ ਦਿਨ-ਦਿਹਾੜੇ ਗੁੰਡਿਆਂ ਨੇ ਅਗਵਾ ਕਰ ਲਿਆ ਹੈ। ਉਨ੍ਹਾਂ ਨੂੰ ਸ਼ੱਕ ਹੈ ਕਿ ਬੇਟੀ ਨੂੰ ਅਗਵਾ ਕਰਕੇ ਕਤਲ ਕੀਤਾ ਗਿਆ ਹੈ। ਪੁਲੀਸ ਨੇ ਮੁਲਜ਼ਮਾਂ ਨੂੰ ਫੜ ਕੇ ਛੱਡ ਦਿੱਤਾ। ਥਾਣਾ ਬਿਲਹੌਰ ਵਿੱਚ ਸੁਣਵਾਈ ਨਾ ਹੋਣ ਕਾਰਨ ਉਸ ਨੇ ਇਹ ਕਦਮ ਚੁੱਕਿਆ ਹੈ।

ਜੋੜੇ ਨੂੰ ਇਹ ਵੀ ਡਰ ਹੈ

3 ਮਹੀਨੇ ਪਹਿਲਾਂ ਸਕਾਰਪੀਓ ਸਵਾਰ ਬਦਮਾਸ਼ਾਂ ਨੇ ਉਸ ਦੀ ਬੇਟੀ ਨੂੰ ਅਗਵਾ ਕਰਨ ਤੋਂ ਬਾਅਦ ਕਤਲ ਕਰ ਦਿੱਤਾ ਸੀ।

ਪੀੜਤ ਧਿਰ ਦਾ ਦੋਸ਼ ਹੈ ਕਿ ਬਿਲਹੌਰ ਪੁਲੀਸ ਨੇ ਮੁਲਜ਼ਮਾਂ ਨੂੰ ਫੜ ਕੇ ਪੁੱਛਗਿੱਛ ਕਰਨ ਮਗਰੋਂ ਮਿਲੀਭੁਗਤ ਕਰਕੇ ਛੱਡ ਦਿੱਤਾ। ਥਾਣੇ ਤੋਂ ਲੈ ਕੇ ਐਸਪੀ ਅਤੇ ਡੀਸੀਪੀ ਦਫ਼ਤਰਾਂ ਤੱਕ ਗੇੜੇ ਮਾਰਦੇ ਹਨ ਪਰ ਪੁਲੀਸ ਕਮਿਸ਼ਨਰ ਦਫ਼ਤਰ ਵਿੱਚ ਦਰਖਾਸਤ ਦੇ ਕੇ ਕੋਈ ਸੁਣਵਾਈ ਨਹੀਂ ਕਰ ਰਿਹਾ।

ਇਸ ਤੋਂ ਦੁਖੀ ਪਤੀ-ਪਤਨੀ ਨੇ ਪੁਲਸ ਕਮਿਸ਼ਨਰ ਦਫਤਰ ਚ ਫਾਹਾ ਲੈ ਕੇ ਖੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ। ਘਟਨਾ ਸਬੰਧੀ ਪੁਲਿਸ ਕਮਿਸ਼ਨਰ ਅਖਿਲ ਕੁਮਾਰ ਨੇ ਮਾਮਲੇ ਦੀ ਜਾਂਚ ਕਰਨ ਦੇ ਨਾਲ-ਨਾਲ ਲਾਪਤਾ ਲੜਕੀ ਸਬੰਧੀ ਪੁਲਿਸ ਥਾਣੇ ਤੋਂ ਪੂਰੀ ਰਿਪੋਰਟ ਵੀ ਮੰਗੀ ਹੈ । ਪੁਲੀਸ ਕਮਿਸ਼ਨਰ ਨੇ ਸਬੰਧਤ ਏਸੀਪੀ ਨੂੰ ਇਸ ਮਾਮਲੇ ਦੀ ਜਾਂਚ ਦੇ ਹੁਕਮ ਦਿੱਤੇ ਹਨ।

ਲੜਕੀਆਂ ਦੇ ਲਾਪਤਾ ਹੋਣ ਦੇ ਮਾਮਲੇ ਚ ਇਹ ਵੀ ਦੱਸ ਦੇਈਏ ਕਿ ਪਿਛਲੇ 3 ਸਾਲਾਂ ਚ ਦਰਜਨ ਤੋਂ ਵੱਧ ਲੜਕੀਆਂ ਆਪਣੇ ਕਥਿਤ ਪ੍ਰੇਮੀਆਂ ਨਾਲ ਜਾਣ ਤੋਂ ਬਾਅਦ ਵਾਪਸ ਨਹੀਂ ਆਈਆਂ ਹਨ। ਪੁਲਿਸ ਅਜੇ ਵੀ ਇਨ੍ਹਾਂ ਵਿੱਚੋਂ ਕਈ ਮਾਮਲਿਆਂ ਦੀ ਜਾਂਚ ਕਰ ਰਹੀ ਹੈ।

## ਫੇਸਬੁੱਕ ਵਿਦਵਾਨ

ਆਪਣੇ ਰਿਸ਼ਤੇ ਵਿੱਚ ਤਰੇੜਾਂ, ਬਾਹਰ ਨਿਭਾਉਂਦੇ ਫਿਰਦੇ,
ਫੇਸਬੁੱਕ ਤੇ ਯਾਰ ਹਜ਼ਾਰਾਂ, ਪਰ ਅਸਲ ਹੱਥਾਂ ਚੋਂ ਕਿਰਗੇ,
ਅੰਦਰੋਂ-ਬਾਹਰੋਂ ਹੋਏ ਖੋਖਲੇ, ਪਏ ਖੰਡਰ ਜਿਵੇਂ ਮਕਾਨ,
ਗਿਆਨ ਵੰਡਦੇ ਅੱਜ-ਕੱਲ੍ਹ ਬਹੁਤਾ, ਇੱਥੇ ਫੇਸਬੁੱਕ ਵਿਦਵਾਨ,
ਹਰ ਕੋਈ ਵੈਦ ਧਨੰਤਰ ਬਣਿਆ, ਹੱਥ ਵਿੱਚ ਫੜ ਕੇ ਬੂਟੀ,
ਵਾਇਰਲ ਕਰਨ ਲਈ ਪੇਜ਼ ਆਪਣਾ, ਖ਼ਬਰ ਫੈਲਾਵੇ ਝੂਠੀ,
ਠੀਕ ਗਲਤ ਦਾ ਪਤਾ ਨਹੀਂ ਲੱਗਦਾ, ਲੋਕੀਂ ਬੜੇ ਸ਼ੈਤਾਨ
ਗਿਆਨ ਵੰਡਦੇ ਅੱਜ-ਕੱਲ੍ਹ ਬਹੁਤਾ, ਇੱਥੇ ਫੇਸਬੁੱਕ ਵਿਦਵਾਨ,
ਸ਼ਰਮ ਹਯਾ ਸਭ ਵੇਚ ਕੇ ਖਾ ਗਏ, ਅਕਲਾਂ ਛਿੱਕੇ ਟੰਗੀਆਂ,
ਟਿੱਕ ਟਾਕ, ਟਵਿੱਟਰ,ਇੰਸਟਾ,ਉੱਤੇ ਗੀਲਾਂ ਗੰਦੀਆਂ ਮੰਦੀਆਂ,
ਟਕੇ-ਟਕੇ ਨੂੰ ਵਿਕਦਾ ਜਿੱਥੇ, ਨਿੱਤ ਸੱਚ ਤੇ ਦੀਨ -ਈਮਾਨ,
ਗਿਆਨ ਵੰਡਦੇ ਅੱਜ-ਕੱਲ੍ਹ ਬਹੁਤਾ,ਇੱਥੇ ਫੇਸਬੁੱਕ ਵਿਦਵਾਨ,
ਤਾਹਨੇ-ਮਿਹਣੇ, ਗਾਲ਼ਾਂ, ਨ਼ਫ਼ਰਤ, ਧਰਮ ਦੇ ਨਾਂ ਤੇ ਠੱਗੀਆਂ,
ਗੱਲਾਂ ਨਾਲ ਕੜਾਹ ਬਣਾਉਂਦੇ, ਗੰਜਿਆਂ ਨੂੰ ਵੇਚਣ ਕੰਘੀਆਂ,
ਪ੍ਰਿੰਸ ਨਿਮਾਣਿਆ ਦੁਨੀਆਂ ਉੱਤੇ,ਵਸ ਫ਼ੈਲਿਆ ਝੂਠ ਤੂਫ਼ਾਨ,
ਗਿਆਨ ਵੰਡਦੇ ਅੱਜ-ਕੱਲ੍ਹ ਬਹੁਤਾ, ਇੱਥੇ ਫੇਸਬੁੱਕ ਵਿਦਵਾਨ,

ਰੋਜ਼ਾਨਾ ਲੋਕ ਬਾਣੀ
www.lokbani




ਰਣਬੀਰ ਸਿੰਘ ਪ੍ਰਿੰਸ
# 37/1 ਬਲਾਕ ਡੀ-1
ਆਫ਼ਿਸਰ ਕਾਲੋਨੀ ਸੰਗਰੂਰ
9872299613

# ਮੰਨਤ ਦਾ ਕਿਰਦਾਰ ਨਿਭਾਉਣ ਲਈ ਪੂਰੀ ਤਰ੍ਹਾਂ ਤਿਆਰ ਹੈ ਪੰਜਾਬੀ ਕੁੜੀ ਮਨਿੰਦਰ ਗਿੱਲ, ਮੰਨਤ-ਇਕ ਸਾਂਝਾ ਪਰਿਵਾਰ 23 ਦਸੰਬਰ ਨੂੰ ਹਰ ਸੋਮਵਾਰ-ਸ਼ਨੀਵਾਰ ਰਾਤ 8:00 ਵਜੇ ਸਿਰਫ ਜ਼ੀ ਪੰਜਾਬੀ ਤੇ।

(ਲੋਕ ਬਾਣੀ) ਪੰਜਾਬੀ ਅਦਾਕਾਰਾ ਮਨਿੰਦਰ ਗਿੱਲ ਜ਼ੀ ਪੰਜਾਬੀ ਦੇ ਨਵੇਂ ਸ਼ੋਅ ਮੰਨਤ-ਇਕ ਸਾਂਝਾ ਪਰਿਵਾਰ ਵਿੱਚ ਮੰਨਤ ਵਜੋਂ ਮੁੱਖ ਭੂਮਿਕਾ ਨਿਭਾ ਰਹੀ ਹੈ। ਆਰਮੀ ਪਰਿਵਾਰ ਨਾਲ ਸੰਬਧਤ, ਮਨਿੰਦਰ ਨੇ ਆਪਣੀ ਪੰਜਾਬੀ ਇੰਡਸਟਰੀ ਵਿੱਚ ਸ਼ੁਰੂਆਤ ਗਾਣਿਆਂ ਦੇ ਰਾਹੀਂ ਕੀਤੀ ਜਿਸ ਤੋਂ ਬਾਅਦ ਉਸਨੂੰ ਇੱਕ ਨਵੀ ਪਹਿਚਾਣ ਮਿਲੀ। ਇਸ ਤੋਂ ਬਾਅਦ ਉਸਨੇ ਫਿਲਮਾਂ ਵਿੱਚ ਵੀ ਰੋਲ ਨਿਭਾਇਆ, ਜਿਸ ਵਿੱਚ ਆਉਣ ਵਾਲੀ ਪੰਜਾਬੀ ਫਿਲਮ ਪਤੰਗ ਅਤੇ ਚੌਪਾਲ ਐਪ ਤੇ ਰਿਲੀਜ਼ ਹੋਣ ਵਾਲੀ ਫਿਲਮ ਖੜਕਾ ਦੜਕਾ ਵਿੱਚ ਵੀ ਮਹੱਤਵਪੂਰਨ ਰੋਲ ਨਿਭਾਇਆ ਹੈ। ਮਨਿੰਦਰ ਨੇ ਨਿਮਰਤ ਖਹਿਰਾ ਦੇ ਗੀਤ ਦੇ ਨਾਲ-ਨਾਲ ਪੰਜਾਬੀ ਫਿਲਮ ਜੱਟ ਨੂੰ ਚੁੜੇਲ ਟੱਕਰੀ ਅਤੇ ਲੰਬੜਾਂ ਦਾ ਲਾਣਾ ਵਰਗੀਆਂ ਫਿਲਮਾਂ ਵਿੱਚ ਵੀ ਮਹੱਤਵਪੂਰਨ ਭੂਮਿਕਾਵਾਂ ਨਿਭਾਈਆਂ ਹਨ।



ਮੰਨਤ-ਇਕ ਸਾਂਝਾ ਪਰਿਵਾਰ ਵਿੱਚ ਮਨਿੰਦਰ ਨੇ ਮੰਨਤ ਦੇ ਰੂਪ ਵਿੱਚ ਇੱਕ ਪ੍ਰਮੁੱਖ ਭੂਮਿਕਾ ਨਿਭਾਈ ਹੈ, ਇੱਕ ਕੁੜੀ ਜੋ ਆਪਣੇ ਪਰਿਵਾਰ ਨੂੰ ਇਕੱਠੇ ਰੱਖਣ ਦੀ ਕੋਸ਼ਿਸ਼ ਕਰਦੀ ਹੈ। ਮਨਿੰਦਰ ਨੇ ਆਪਣੀ ਭੂਮਿਕਾ ਬਾਰੇ ਆਪਣੇ ਉਤਸ਼ਾਹ ਨੂੰ ਸਾਂਝਾ ਕਰਦੇ ਹੋਏ ਕਿਹਾ, ਮੰਨਤ ਦੀ ਭੂਮਿਕਾ ਨਿਭਾਉਣਾ ਮੇਰੇ ਲਈ ਬਹੁਤ ਖਾਸ ਹੈ, ਇਹ ਇੱਕ ਅਜਿਹਾ ਕਿਰਦਾਰ ਹੈ ਜੋ ਪਰਿਵਾਰ, ਪਿਆਰ ਅਤੇ ਏਕਤਾ ਦੀਆਂ ਕਦਰਾਂ-ਕੀਮਤਾਂ ਅਤੇ ਪਰਿਵਾਰ ਨੂੰ ਇੱਕ ਰੱਖਣ ਦਾ ਸੰਦੇਸ਼ ਦਿੰਦਾ, ਇਹ ਕਹਾਣੀ ਮੇਰੇ ਦਿਲ ਦੇ ਬਹੁਤ ਕਰੀਬ ਹੈ, ਮੈਂ ਉਮੀਦ ਕਰਦੀ ਹਾਂ ਕਿ ਦਰਸ਼ਕ ਮੇਰੇ ਕਿਰਦਾਰ ਮੰਨਤ ਨੂੰ ਜ਼ਰੂਰ ਪਸੰਦ ਕਰਨਗੇ।'

ਜ਼ੀ ਪੰਜਾਬੀ ਤੇ ਮੰਨਤ-ਇਕ ਸਾਂਝ ਪਰਿਵਾਰ ਇੱਕ ਦਿਲ ਨੂੰ ਛੂਹਣ ਵਾਲਾ ਪਰਿਵਾਰਕ ਡਰਾਮਾ ਹੈ ਜੋ ਪਰਿਵਾਰਕ ਰਿਸ਼ਤਿਆਂ ਦੀ ਮਜ਼ਬੂਤੀ ਤੇ ਏਕਤਾ ਨੂੰ ਉਜਾਗਰ ਕਰੇਗਾ। ਮੰਨਤ ਦੇ ਰੂਪ ਵਿੱਚ ਮਨਿੰਦਰ ਗਿੱਲ ਦੀ ਭੂਮਿਕਾ ਉਸਦੇ ਕੈਰੀਅਰ ਵਿੱਚ ਇੱਕ ਮਹੱਤਵਪੂਰਨ ਮੀਲ ਪੱਥਰ ਦੀ ਨਿਸ਼ਾਨਦੇਹੀ ਕਰਦੀ ਹੈ। ਜ਼ੀ ਪੰਜਾਬੀ ਤੇ ਮੰਨਤ-ਇਕ ਸਾਂਝਾ ਪਰਿਵਾਰ ਦੇ ਪ੍ਰੀਮੀਅਰ ਨੂੰ ਦੇਖਣਾ ਨਾ ਭੁੱਲੋ 23 ਦਸੰਬਰ, 2024 ਨੂੰ ਸੋਮਵਾਰ-ਸ਼ਨੀਵਾਰ ਰਾਤ 8:00 ਵਜੇ।

# ਨਗਰ ਕੌਂਸਲ ਧਨੌਲਾ ਅਤੇ ਨਗਰ ਪੰਚਾਇਤ ਹੰਡਿਆਇਆ ਦੇ ਅਸਲਾ ਧਾਰਕ ਲਾਇਸੰਸੀਆਂ ਨੂੰ ਹਥਿਆਰ ਚੁੱਕ ਕੇ ਚੱਲਣ ਦੀ ਮਨਾਹੀ

ਬਰਨਾਲਾ,(ਲੋਕ ਬਾਣੀ)
ਜ਼ਿਲ੍ਹਾ ਮੈਜਿਸਟਰੇਟ ਬਰਨਾਲਾ ਸ਼੍ਰੀਮਤੀ ਪੂਨਮਦੀਪ ਕੌਰ ਵੱਲੋਂ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀ ਧਾਰਾ 163 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਨਗਰ ਕੌਂਸਲ/ਨਗਰ ਪੰਚਾਇਤ ਚੋਣਾਂ-2024 ਦੇ ਮੱਦੇਨਜ਼ਰ ਅਸਲਾ ਲੈ ਕੇ ਚੱਲਣ ਤੇ ਪਾਬੰਦੀ ਲਗਾਈ ਗਈ ਹੈ ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਚੋਣਾਂ ਦੌਰਾਨ ਕਿਸੇ ਵੀ ਪ੍ਰਕਾਰ ਦੇ ਲੜਾਈ-ਝਗੜੇ ਹੋਣ ਦਾ ਖਦਸ਼ਾ ਬਣਿਆ ਰਹਿੰਦਾ ਹੈ। ਚੋਣਾਂ ਦੌਰਾਨ ਅਮਨ ਅਤੇ ਕਾਨੂੰਨ ਦੀ ਸਥਿਤੀ ਨੂੰ ਬਰਕਰਾਰ ਰੱਖਣ ਲਈ ਅਸਲਾ ਲਾਇਸੰਸੀਆਂ ਨੂੰ ਆਪਣੇ ਹਥਿਆਰ ਚੁੱਕ ਕੇ ਚੱਲਣ ਤੇ ਪਾਬੰਦੀ ਲਗਾਈ ਗਈ ਹੈ। ਜ਼ਿਲ੍ਹਾ ਬਰਨਾਲਾ ਚ ਨਗਰ ਕੌਂਸਲ ਧਨੌਲਾ ਅਤੇ ਨਗਰ ਪੰਚਾਇਤ ਹੰਡਿਆਇਆ ਦੇ ਅਸਲਾ ਧਾਰਕ ਲਾਇਸੰਸੀਆਂ ਨੂੰ ਆਪਣੇ ਹਥਿਆਰ ਚੁੱਕ ਕੇ ਚੱਲਣ ਦੀ ਮਨਾਹੀ ਹੈ। ਉਨ੍ਹਾਂ ਦੱਸਿਆ ਕਿ ਇਹ ਹੁਕਮ ਫੌਜੀਆਂ, ਨੀਮ ਫੌਜੀ ਦਸਤੇ, ਬਾ—ਵਰਦੀ ਪੁਲਿਸ ਕਰਮਚਾਰੀਆਂ ਤੇ ਲਾਗੂ ਨਹੀਂ ਹੋਵੇਗਾ ਪ੍ਰੰਤੂ ਚੋਣ ਉਮੀਦਵਾਰਾਂ ਦੇ ਸੁਰੱਖਿਆ ਕਰਮਚਾਰੀ/ਐਸ.ਪੀ.ਓਜ਼ ਹਥਿਆਰ ਪੋਲਿੰਗ ਸਟੇਸ਼ਨਾਂ ਦੇ ਅੰਦਰ ਨਹੀਂ ਲੈ ਜਾ ਸਕਣਗੇ। ਇਹ ਹੁਕਮ ਮਿਤੀ 24 ਦਸੰਬਰ, 2024 ਤੱਕ ਲਾਗੂ ਰਹਿਣਗੇ।




SHAHEED BABA NIHAL SINGH CHARITABLE HOSPITAL
Near Gurudwara Talhan, VPO-Talhan, Distt. Jalandhar, Ph. 0181-2770808
FACILITIES AVAILABLE
Ambulance Service 24hrs.
I.C.C.U. (Intensive Cardiac Care Unit), Indoor Facies Ultrasound Scan, Gyane & Obstetrical Operations, Surgierles, Neonatal ICU (Incubator Phototherapy) Well Equipped Laboratory, Nebulizer for Asthma Patients, Ortho & Spine Surgeon, Special Clinic for Skin & V.D., SIDS & HIV Patients, ECG, Dental Facilites, Eye Operations
Free Medicine for 9am to 5pm

JSDC GROUP
ਜਲੰਧਰ ਸਕਿਲ ਡਿਵੈਲਪਮੈਂਟ ਕਾਰਪੋਰੇਸ਼ਨ
82880 21797
82880 21798
WWW.JSDCGROUP.COM
ਦੁਬਈ, ਕੁਵੈਤ ਅਤੇ ਯੂਰਪ ਦੇ ਦੇਸ਼ਾਂ ਵਿੱਚ ਵਰਕ ਪਰਮਿਟ ਦੀ ਜਾਣਕਾਰੀ ਲਈ ਅੱਗੇ ਦਿੱਤੇ ਨੰਬਰਾਂ 'ਤੇ ਕਾਲ ਕਰੋ
ਜਾਂ ਸਾਡੇ ਫੇਸਬੁੱਕ, ਇੰਸਟਾਗ੍ਰਾਮ, ਲਿੰਕਡਇਨ, ਯੂਟਿਊਬ ਅਤੇ ਟਵਿੱਟਰ ਅਕਾਊਂਟ ਨੂੰ ਫਾਲੋ ਕਰੋ
JSDC GROUP - INDIA

INNOCENT HEARTS GROUP OF INSTITUTIONS
Learning Today... Leading Tomorrow !
150+ Placements
18+ MOUs with Industries
upto 100% Scholarship Schemes
Offering 20+ Programmes
Management | Commerce | Information Technology
Hospitality | Medical Lab | Healthcare Sciences
Enroll for Session 2023-24
1800-833-4600
87250-33447
www.ihgi.in

St. Soldier GROUP OF INSTITUTIONS SINCE 1958
64 YEARS EDUCATIONAL EXCELLENCE
MORE THAN
CANADIAN PATHWAY PROGRAMS
FREE BUS SERVICE FOR ALL COLLEGE STUDENTS FOR ALL ROUTES
ENGINEERING
HOTEL MANAGEMENT
MANAGEMENT & COMMERCE
DEGREE COURSES
PARAMEDICAL COURSES
POLYTECHNIC DIPLOMA
MEDIA & FASHION
INFORMATION TECHNOLOGY
LAW
TEACHER / PHYSICAL EDUCATION
NURSING TRAINING
ARCHITECTURE
INDUSTRIAL TRAINING INSTITUTE
LATERAL ENTRY ADMISSION INTO SECOND YEAR AVAILABLE
Now ANIMATION & SOCIAL MEDIA Courses Available
CORP. OFFICE : 680-L MODEL TOWN, JALANDHAR.
M: 9814003681 | 9814003652 | 9814345025 | 9914464565
www.stsoldiergroup.com